@Qpatrika
@qaumipatrika punjabi
instagram.com/qaumipatrika

Largest Circulated

विश्व भर में सबसे ज्यादा पढ़ा जाने वाला

ਕੌਮੀ ਪਤ੍ਰਿਕਾ
Qaumi Patrika NO.1

Punjabi National Daily

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Thursday, 4 July 2024

VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਵੀਰਵਾਰ 4 ਜੁਲਾਈ 2024, 20 ਹਾੜ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81— ਸੰਪਾਦਕ — ਗੁਰਚਰਨ ਸਿੰਘ ਬੱਬਰ — ਸਾਲ — 42, ਅੰਕ 226, qpatrika@gmail.com ਫੋਨ : 9971359517 www.qaumipatrika.org

ਲੋਕ ਸਭਾ 'ਚ ਅੰਮ੍ਰਿਤਪਾਲ ਦੇ ਹੱਕ 'ਚ ਬੋਲੇ ਹਰਸਿਮਰਤ ਬਾਦਲ

ਦਿੱਲੀ/ਚੰਡੀਗੜ੍ਹ 3 ਜੁਲਾਈ। ਸ਼੍ਰੋਮਣੀ ਅਕਾਲੀ ਦਲ ਦੀ ਸਾਂਸਦ ਹਰਸਿਮਰਤ ਕੌਰ ਬਾਦਲ ਨੇ ਕਾਂਗਰਸ ਅਤੇ ਭਾਜਪਾ ਨੂੰ ਦਿੱਲੀ ਸੰਸਦ 'ਚ ਘੇਰਦਿਆਂ ਕਿਹਾ ਕਿ ਕਾਂਗਰਸ ਪਾਰਟੀ ਨੇ ਸਿੱਖਾਂ ਦਾ ਕਤਲੇਆਮ ਕੀਤਾ ਹੈ ਅਤੇ ਦੂਜੇ ਪਾਸੇ ਭਾਜਪਾ ਨੇ ਸਾਡੇ ਧਾਰਮਿਕ ਸਥਾਨਾਂ 'ਤੇ ਕਬਜਾ ਕੀਤਾ ਹੋਇਆ ਹੈ। ਉਨ੍ਹਾਂ ਕਿਹਾ ਕਿ ਸਰਕਾਰ ਨੂੰ ਸਿੱਖਾਂ ਦੇ ਧਾਰਮਿਕ ਮਾਮਲਿਆਂ ਵਿਚ ਦਖਲ ਦੇਣਾ ਬੰਦ ਕਰ ਦੇਣਾ ਚਾਹੀਦਾ ਹੈ। ਇਸ ਦੌਰਾਨ ਉਨ੍ਹਾਂ ਅੰਮ੍ਰਿਤਪਾਲ ਬਾਰੇ ਕਿਹਾ ਕਿ ਸੰਸਦ ਮੈਂਬਰ ਖਡੂਰ ਸਾਹਿਬ ਤੋਂ ਜਿੱਤੇ ਅੰਮ੍ਰਿਤਪਾਲ ਨੂੰ ਲੋਕਾਂ ਨੇ ਜਿੱਤਾ ਤਾਂ ਦਿੱਤਾ ਹੈ ਪਰ ਤੁਸੀਂ ਤਾਂ ਉਸ ਨੂੰ ਵੀ ਸਹੁੰ ਚੁੱਕਣ ਨਹੀਂ ਦੇ ਰਹੇ, ਇਹ ਫਿਰ ਸਿੱਖਾਂ ਨਾਲ ਧੱਕਾ ਨਹੀਂ ਤਾਂ ਕੀ ਹੈ। ਉਨ੍ਹਾਂ ਕਿਹਾ ਤੁਸੀਂ ਕਿਹਾ ਸੀ ਕਿ ਬੰਦੀ ਸਿੱਖਾਂ ਨੂੰ ਰਿਹਾਅ ਕੀਤਾ ਜਾਵੇਗਾ ਇਸ 'ਤੇ ਤੁਸੀਂ ਨੋਟੀਫਿਕੇਸ਼ਨ ਵੀ ਕੱਢੀ ਪਰ ਅਜੇ ਤੱਕ ਰਿਹਾਅ ਕਿਉਂ ਨਹੀਂ ਕੀਤਾ ਗਿਆ। ਉਨ੍ਹਾਂ ਕਿਹਾ ਜੇਕਰ

ਸਾਡੀਆਂ ਸਿੱਖ ਧੀਆਂ ਪ੍ਰੀਖਿਆ ਦੇਣ ਲਈ ਜਾਂਦੀਆਂ ਹਨ ਤਾਂ ਤੁਹਾਡੇ ਪਿੱਠੂ ਦਾਖਲ ਨਹੀਂ ਹੋਣ ਦਿੰਦੇ ਕਿਉਂਕਿ ਉਹ ਅੰਮ੍ਰਿਤਧਾਰੀ ਹਨ, ਤੁਸੀਂ ਸਾਰੇ ਕਾਨੂੰਨ ਸਿੱਖਾਂ ਲਈ ਹੀ ਬਣਾਏ ਹਨ। ਇਸ ਤੋਂ ਇਲਾਵਾ ਉਨ੍ਹਾਂ ਕਿਹਾ ਕਿ ਪਿਛਲੇ ਸਮੇਂ ਦੌਰਾਨ ਕਿਸਾਨਾਂ ਨੇ ਅੰਦੋਲਨ ਕੀਤਾ ਅਤੇ ਕਈ ਕਿਸਾਨ ਮਾਰੇ ਵੀ ਗਏ, ਪਰ ਸਰਕਾਰ ਨੇ ਉਨ੍ਹਾਂ ਦੀ ਗੱਲ ਤੱਕ ਨਹੀਂ ਸੁਣੀ। ਉਨ੍ਹਾਂ ਅੱਗੇ ਨਸ਼ੇ ਬਾਰੇ ਕਿਹਾ ਕਿ ਪੰਜਾਬ 'ਚ ਲਗਾਤਾਰ ਨਸ਼ਾ ਵਿਕ ਰਿਹਾ ਹੈ, ਨੌਜਵਾਨ ਨਸ਼ੇ ਦੇ ਆਦੀ ਹੋ ਗਏ ਹਨ। ਉਨ੍ਹਾਂ ਕਿਹਾ ਨੌਜਵਾਨ ਨੂੰ ਕੋਈ ਰੁਜਗਾਰ ਨਹੀਂ ਮਿਲ ਰਿਹਾ ਜਿਸ ਕਾਰਨ ਨੌਜਵਾਨ ਵਿਦੇਸ਼ਾਂ ਵੱਲ ਜਾ ਰਹੇ ਹਨ। ਪਾਣੀ ਦੇ ਮਸਲੇ ਨੂੰ ਕੇ ਉਨ੍ਹਾਂ ਕਿਹਾ ਤਿੰਨੋਂ ਪਾਰਟੀਆਂ ਸਾਡਾ ਪਾਣੀ ਖੋਹਣਾ ਚਾਹੁੰਦੀਆਂ ਪਰ ਇਕ ਵੀ ਬੂੰਦ ਪੰਜਾਬ ਦੀ ਬਾਹਰ ਨਹੀਂ ਜਾਣ ਦਵਾਂਗੇ। ਇਸ ਦੌਰਾਨ ਉਨ੍ਹਾਂ ਕਿਹਾ ਚੰਡੀਗੜ੍ਹ ਪੰਜਾਬ ਦੀ ਰਾਜਧਾਨੀ ਹੈ ਉਹ ਵੀ ਸਾਨੂੰ ਵਾਪਸ ਕੀਤੀ ਜਾਵੇ।

ਵਿਦੇਸ਼ੀ ਧਰਤੀ 'ਤੇ ਭਾਰਤੀ ਜਾਇਦਾਦ ਨੂੰ ਨੁਕਸਾਨ ਪਹੁੰਚਾਉਣ ਵਾਲੇ ਵੀ ਅੱਤਵਾਦੀ

ਸੰਗਰੂਰ 3 ਜੁਲਾਈ। ਭਾਰਤ ਵਿਚ 1 ਜੁਲਾਈ ਤੋਂ ਨਵੇਂ ਕਾਨੂੰਨ ਲਾਗੂ ਹੋ ਗਏ ਹਨ। ਮੌਜੂਦਾ ਕਾਨੂੰਨ ਵਿਚ ਕੁਝ ਪੁਰਾਣੀਆਂ ਧਾਰਾਵਾਂ ਨੂੰ ਖਤਮ ਕੀਤਾ ਗਿਆ ਹੈ, ਕਈਆਂ ਵਿਚ ਸੋਧ ਹੋਈ ਹੈ ਤੇ ਕਈ ਨਵੀਆਂ ਧਾਰਾਵਾਂ ਜੋੜ ਕੇ ਭਾਰਤੀ ਨਿਆਂ ਸੰਹਿਤਾ ਲਾਗੂ ਕੀਤੀ ਗਈ ਹੈ। ਭਾਰਤੀ ਨਿਆਂ ਸੰਹਿਤਾ ਦੀ ਧਾਰਾ 113 ਵਿਚ ਅੱਤਵਾਦ ਨੂੰ ਵਿਸਥਾਰ ਨਾਲ ਪਰਿਭਾਸ਼ਿਤ ਕੀਤਾ ਗਿਆ ਹੈ। ਹੁਣ ਦੇਸ਼ ਦੇ ਬਾਹਰ ਭਾਰਤ ਦੀ ਕਿਸੇ ਵੀ ਜਾਇਦਾਦ ਨੂੰ ਨੁਕਸਾਨ ਪਹੁੰਚਾਉਣਾ ਵੀ ਅੱਤਵਾਦੀ ਸਰਗਰਮੀ ਮੰਨਿਆ ਜਾਵੇਗਾ। ਨਵੇਂ ਕਾਨੂੰਨ ਮੁਤਾਬਕ ਹੁਣ ਵਿਦੇਸ਼ਾਂ ਵਿਚ ਹੋਏ ਹਮਲੇ ਨੂੰ ਵੀ ਅੱਤਵਾਦ ਦੀ ਸ਼੍ਰੇਣੀ ਵਿਚ ਰੱਖਿਆ ਜਾਵੇਗਾ। ਅੱਤਵਾਦ ਦੀ ਪਰਿਭਾਸ਼ਾ ਨੂੰ ਸੰਪ੍ਰਭੁਤਾ, ਅਖੰਡਤਾ ਤੇ ਸਮਾਜਿਕ



ਵਿਵਸਥਾ ਅਤੇ ਆਰਥਿਕ ਸੁਰੱਖਿਆ ਨਾਲ ਵੀ ਜੋੜਿਆ ਗਿਆ ਹੈ। ਭਾਰਤ ਸਰਕਾਰ, ਸੂਬਾ ਸਰਕਾਰ ਜਾਂ ਕਿਸੇ ਵਿਦੇਸ਼ੀ ਸਰਕਾਰ ਨੂੰ ਪ੍ਰਭਾਵਿਤ ਕਰਨ ਲਈ ਕਿਸੇ ਵਿਅਕਤੀ ਨੂੰ ਅਗਵਾ ਕਰਨਾ ਜਾਂ ਉਸ ਨੂੰ ਹਿਰਾਸਤ ਵਿਚ ਰੱਖਣਾ ਵੀ ਅੱਤਵਾਦ ਮੰਨਿਆ ਜਾਵੇਗਾ। ਅੱਤਵਾਦੀ ਦੀ ਮਦਦ 'ਤੇ 5 ਸਾਲ ਤੋਂ ਲੈ ਕੇ ਉਮਰਕੈਦ ਤਕ ਸਜਾ ਹੋ ਸਕਦੀ ਹੈ। ਅੱਤਵਾਦੀ ਘਟਨਾ ਵਿਚ ਲੋਕਾਂ ਦੀ ਮੌਤ 'ਤੇ ਫਾਂਸੀ ਜਾਂ ਉਮਰਕੈਦ ਅਤੇ ਜੁਰਮਾਨਾ ਹੋ ਸਕਦਾ ਹੈ। ਇਸ ਤੋਂ ਇਲਾਵਾ ਅੱਤਵਾਦੀ ਸਾਜਿ਼ਸ਼ ਰਚਨ ਤੋਂ ਲੈ ਕੇ ਅੱਤਵਾਦੀ ਸੰਗਠਨਾਂ ਨਾਲ ਜੁੜਣ 'ਤੇ ਉਮਰਕੈਦ ਤਕ ਦੀ ਸਜਾ ਅਤੇ ਜੁਰਮਾਨਾ ਹੋਵੇਗਾ। ਅੱਤਵਾਦੀ ਨੂੰ ਲੁਕਾਉਣ 'ਤੇ 3 ਸਾਲ ਤੋਂ ਲੈ ਕੇ ਉਮਰਕੈਦ ਦੀ ਸਜਾ ਅਤੇ ਜੁਰਮਾਨਾ ਹੋ ਸਕਦਾ ਹੈ। ਇੱਥੇ ਜਿ਼ਕਰਯੋਗ ਹੈ ਕਿ ਪਿਛਲੇ ਕੁਝ ਸਮੇਂ ਵਿਚ ਖਾਲਿਸਤਾਨ ਸਮਰਥਕਾਂ ਨੇ ਕੈਨੇਡਾ, ਯੂ.ਕੇ. ਸਮੇਤ ਹੋਰ ਦੇਸ਼ਾਂ ਵਿਚ ਭਾਰਤੀ ਦੂਤਾਵਾਸ ਦੀ ਜਾਇਦਾਦ ਨੂੰ ਨੁਕਸਾਨ ਪਹੁੰਚਾਇਆ ਸੀ। ਇਸੇ ਨੂੰ ਵੇਖਦਿਆਂ ਸਰਕਾਰ ਨੇ ਕਾਨੂੰਨ ਵਿਚ ਇਹ ਬਦਲਾਅ ਕੀਤੇ ਹਨ।

10 ਸਾਲਾਂ 'ਚ ਕਿਸਾਨਾਂ ਨੂੰ ਖੇਤੀ ਤੋਂ ਮਿਲਿਆ ਲਾਭ, MSP ਦੀ ਰਿਕਾਰਡ ਖਰੀਦੀ ਹੋਈ: ਪ੍ਰਧਾਨ ਮੰਤਰੀ ਮੋਦੀ

ਸਿੰਮੀ ਕੌਰ ਬੱਬਰ

ਨੈਸ਼ਨਲ ਡੈਸਕ 3 ਜੁਲਾਈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅੱਜ ਯਾਨੀ ਕਿ ਬੁੱਧਵਾਰ ਨੂੰ ਰਾਜ ਵਿਚ ਰਾਸ਼ਟਰਪਤੀ ਦੇ ਭਾਸ਼ਣ 'ਤੇ ਧੰਨਵਾਦ ਪ੍ਰਸਤਾਵ 'ਤੇ ਹੋਈ ਚਰਚਾ ਦਾ ਜਵਾਬ ਦੇ ਰਹੇ ਹਨ। ਇਸ ਤੋਂ ਇਕ ਦਿਨ ਪਹਿਲਾਂ ਯਾਨੀ ਕਿ ਕੱਲ ਪ੍ਰਧਾਨ ਮੰਤਰੀ ਨੇ ਲੋਕ ਸਭਾ ਵਿਚ ਧੰਨਵਾਦ ਪ੍ਰਸਤਾਵ 'ਤੇ ਚਰਚਾ ਦਾ ਜਵਾਬ ਦਿੱਤਾ ਸੀ। ਪ੍ਰਧਾਨ ਮੰਤਰੀ ਨੇ ਰਾਜ ਸਭਾ ਵਿਚ ਸੰਬੋਧਨ ਕਰਦਿਆਂ ਕਿਸਾਨਾਂ ਦੇ ਮੁੱਦੇ ਦੀ ਗੱਲ ਕੀਤੀ। ਉਨ੍ਹਾਂ ਕਿਹਾ ਕਿ ਪਹਿਲਾਂ ਕਿਸਾਨਾਂ ਨੂੰ ਕੋਈ ਲਾਭ ਨਹੀਂ ਮਿਲਦਾ ਸੀ। ਕਿਸਾਨ ਕਲਿਆਣ ਸਾਡੀ ਯੋਜਨਾ ਦੇ ਕੇਂਦਰ ਵਿਚ ਹੈ। ਦੀ ਰਿਕਾਰਡ ਖਰੀਦੀ ਹੋਈ ਹੈ। 10 ਸਾਲਾਂ 'ਚ ਕਿਸਾਨਾਂ ਨੂੰ ਖੇਤੀ ਤੋਂ ਲਾਭ ਮਿਲਿਆ ਹੈ। ਛੋਟੇ ਕਿਸਾਨਾਂ ਨੂੰ ਆਸਾਨੀ ਨਾਲ ਕਰਜ ਮਿਲਿਆ ਹੈ। ਪ੍ਰਧਾਨ ਮੰਤਰੀ ਨੇ ਅੱਗੇ ਕਿਹਾ ਕਿ ਅਸੀਂ ਕਾਂਗਰਸ ਦੇ ਮੁਕਾਬਲੇ ਕਿਤੇ ਵੱਧ ਪੈਸਾ ਕਿਸਾਨਾਂ ਤੱਕ ਪਹੁੰਚਾਇਆ। ਅੰਨ ਭੰਡਾਰਣ ਦਾ ਦੁਨੀਆ ਦੀ ਸਭ ਤੋਂ ਵੱਡੀ ਮੁਹਿੰਮ ਅਸੀਂ ਹੱਥ ਵਿਚ ਲਈ ਅਤੇ ਇਸ ਦਿਸ਼ਾ ਵਿਚ ਕੰਮ ਚੱਲ ਰਿਹਾ ਹੈ। ਖਾਦ ਬਾਰੇ ਉਨ੍ਹਾਂ ਕਿਹਾ ਕਿ ਵੈਸ਼ਵਿਕ ਸੰਕਟ ਕਾਰਨ ਕੁਝ ਸਮੱਸਿਆਵਾਂ ਪੈਦਾ ਹੋਈਆਂ

ਪਰ ਅਸੀਂ 12 ਹਜਾਰ ਕਰੋੜ ਰੁਪਏ ਦੀ ਸਬਸਿਡੀ ਦੇ ਕੇ ਕਿਸਾਨਾਂ 'ਤੇ ਇਸ ਦਾ ਅਸਰ ਨਹੀਂ ਪੈਣ ਦਿੱਤਾ। ਬੀਜ ਤੋਂ ਬਾਜਾਰ ਤੱਕ, ਕਿਸਾਨਾਂ ਲਈ ਹਰ ਵਿਵਸਥਾ ਨੂੰ ਮਜਬੂਤੀ ਦੇਣ ਦੀ ਕੋਸ਼ਿਸ਼ ਕੀਤੀ ਹੈ। ਪ੍ਰਧਾਨ ਮੰਤਰੀ ਨੇ ਕਿਹਾ ਕਿ ਪਿਛਲੇ 10 ਸਾਲਾਂ ਵਿਚ ਅਸੀਂ ਆਪਣੀ ਖੇਤੀ ਨੂੰ ਹਰ ਪੱਖੋਂ ਲਾਭਦਾਇਕ ਬਣਾਉਣ 'ਤੇ ਧਿਆਨ ਦਿੱਤਾ ਹੈ ਅਤੇ ਕਈ ਯੋਜਨਾਵਾਂ ਰਾਹੀਂ ਇਸ ਨੂੰ ਮਜਬੂਤ ਕਰਨ ਦੀ ਕੋਸਿ਼ਸ਼ ਕੀਤੀ ਹੈ। ਚਾਹੇ ਫਸਲ ਲਈ ਕਰਜਾ ਹੋਵੇ, ਚਾਹੇ ਨਵੇਂ ਬੀਜ ਉਪਲਬਧ ਹੋਣ, ਖਾਦ ਦੀ ਕੀਮਤ ਵਾਜਬ ਹੋਵੇ। ਭਾਵੇਂ ਇਹ 'ਤੇ ਖਰੀਦ ਹੋਵੇ। ਇਕ ਤਰ੍ਹਾਂ ਨਾਲ ਬੀਜ ਤੋਂ ਲੈ ਕੇ ਮੰਡੀ ਤੱਕ, ਅਸੀਂ ਬਹੁਤ ਹੀ ਸੂਖਮ ਯੋਜਨਾਬੰਦੀ ਨਾਲ ਕਿਸਾਨਾਂ ਲਈ ਹਰ ਪ੍ਰਣਾਲੀ ਨੂੰ ਮਜਬੂਤ ਕਰਨ ਦੀ ਪੂਰੀ ਕੋਸਿ਼ਸ਼ ਕੀਤੀ ਹੈ। ਅਸੀਂ ਖੇਤੀਬਾੜੀ ਨੂੰ ਵਿਆਪਕ ਰੂਪ ਵਿਚ ਦੇਖਿਆ ਹੈ ਅਤੇ ਮਛੇਰਿਆਂ ਨੂੰ ਵੀ ਕਿਸਾਨ ਕ੍ਰੈਡਿਟ ਕਾਰਡ ਪ੍ਰਦਾਨ ਕੀਤੇ ਹਨ। ਕਾਂਗਰਸ ਦੇ ਕਾਰਜਕਾਲ ਵਿਚ 10 ਸਾਲਾਂ ਵਿਚ ਇਕ ਵਾਰ ਕਿਸਾਨਾਂ ਦਾ ਕਰਜਾ ਮੁਆਫ ਕੀਤਾ ਗਿਆ ਅਤੇ ਕਿਸਾਨਾਂ ਨੂੰ ਗੁੰਮਰਾਹ ਕਰਨ ਦੀ ਹਰ ਕੋਸਿ਼ਸ਼ ਕੀਤੀ ਗਈ ਅਤੇ 60 ਹਜਾਰ ਕਰੋੜ ਰੁਪਏ ਦੀ ਕਰਜਾ ਮੁਆਫੀ ਦਾ ਬਹੁਤ ਰੌਲਾ ਪਿਆ। ਇਸ ਦੇ ਲਾਭਪਾਤਰੀ ਸਿਰਫ ਤਿੰਨ ਕਰੋੜ ਕਿਸਾਨ ਸਨ। ਗਰੀਬ ਕਿਸਾਨ ਦਾ ਕੋਈ ਥਹੁ-ਪਤਾ ਨਹੀਂ ਸੀ। ਉਸ ਨੂੰ ਕੋਈ ਲਾਭ ਵੀ ਨਹੀਂ ਮਿਲ ਸਕਿਆ।

ਅਸਾਮ 'ਚ ਹੜ੍ਹ ਦੀ ਸਥਿਤੀ ਗੰਭੀਰ, 11 ਲੱਖ ਤੋਂ ਵੱਧ ਲੋਕ ਪ੍ਰਭਾਵਿਤ

ਗੁਹਾਟੀ 3 ਜੁਲਾਈ। ਆਸਾਮ 'ਚ ਭਿਆਨਕ ਹੜ੍ਹ ਦਾ ਸੰਕਟ ਜਾਰੀ ਹੈ ਅਤੇ ਬ੍ਰਹਮਪੁੱਤਰ ਅਤੇ ਇਸ ਦੀਆਂ ਸਹਾਇਕ ਨਦੀਆਂ ਦੇ ਪਾਣੀ ਦੇ ਖਤਰੇ ਦੇ ਨਿਸਾਨ ਤੋਂ ਉੱਪਰ ਵਹਿਣ ਨਾਲ 23 ਜਿ਼ਲ੍ਹਿਆਂ ਦੇ 11.50 ਲੱਖ ਲੋਕ ਪ੍ਰਭਾਵਿਤ ਹੋਏ ਹਨ। ਇਹ ਜਾਣਕਾਰੀ ਇਕ ਅਧਿਕਾਰਤ ਰਿਪੋਰਟ 'ਚ ਦਿੱਤੀ ਗਈ ਹੈ। ਸੂਬੇ 'ਚ ਇਸ ਸਾਲ ਹੜ੍ਹ, ਜਮੀਨ ਖਿਸਕਣ ਅਤੇ ਤੂਫਾਨ ਦੀਆਂ ਘਟਨਾਵਾਂ 'ਚ ਜਾਨ ਗੁਆਉਣ ਵਾਲੇ ਲੋਕਾਂ ਦੀ ਗਿਣਤੀ ਵਧ ਕੇ 48 ਹੋ ਗਈ ਹੈ। ਮੁੱਖ ਮੰਤਰੀ ਹਿਮੰਤ ਵਿਸਵ ਸਰਮਾ ਨੇ ਬੰਨ੍ਹ ਟੁੱਟਣ ਤੋਂ ਬਾਅਦ ਮੰਗਲਵਾਰ ਨੂੰ ਗੋਲਾਘਾਟ ਜਿ਼ਲ੍ਹੇ ਦਾ ਦੌਰਾ ਕੀਤਾ, ਹੜ੍ਹ ਪ੍ਰਭਾਵਿਤ ਖੇਤਰਾਂ ਦਾ ਮੁਆਇਨਾ ਕੀਤਾ ਅਤੇ ਪ੍ਰਭਾਵਿਤ ਲੋਕਾਂ ਨਾਲ ਮੁਲਾਕਾਤ ਕੀਤੀ। ਉਨ੍ਹਾਂ ਹੜ੍ਹ ਸੰਕਟ ਨਾਲ ਜੂਝ ਰਹੇ ਲੋਕਾਂ ਦੀ ਰਾਹਤ ਅਤੇ ਮੁੜ ਵਸੇਬੇ ਲਈ ਅਧਿਕਾਰੀਆਂ ਨਾਲ ਮੀਟਿੰਗਾਂ ਕੀਤੀਆਂ। ਸਰਮਾ ਵੱਖ-ਵੱਖ ਜਿ਼ਲ੍ਹਿਆਂ ਵਿਚ ਹੜ੍ਹ ਦੀ ਸਥਿਤੀ ਦਾ ਜਾਇਜਾ ਲੈਣ ਲਈ ਬੁੱਧਵਾਰ ਨੂੰ ਕੈਬਨਿਟ ਮੀਟਿੰਗ ਕਰਨ ਵਾਲੇ ਹਨ। ਹੜ੍ਹ ਕਾਰਨ ਬਾਰਪੇਟਾ, ਵਿਸਵਨਾਥ, ਕਚਾਰ, ਚਰਾਈਦੇਓ, ਚਿਰਾਂਗ, ਦਰਾਂਗ, ਧੇਮਾਜੀ, ਡਿਬਰੂਗੜ੍ਹ, ਗੋਲਾਘਾਟ, ਜੋਰਹਾਟ, ਕਾਮਰੂਪ ਮੈਟਰੋਪੋਲੀਟਨ, ਕਾਰਬੀ ਆਂਗਲੋਂਗ, ਕਰੀਮਗੰਜ, ਲਖੀਮਪੁਰ, ਮਜੂਲੀ, ਮੋਰੀਗਾਂਵ, ਨਗਾਓਂ, ਨਲਬਾੜੀ, ਸਿਵਸਾਗਰ, ਸੋਨੀਤਪੁਰ ਆਦਿ ਜਿ਼ਲ੍ਹੇ ਪ੍ਰਭਾਵਿਤ ਹਨ। ਰਿਪੋਰਟ 'ਚ ਕਿਹਾ ਗਿਆ ਹੈ ਕਿ ਲਖੀਮਪੁਰ 'ਚ ਹੜ੍ਹ ਨਾਲ 1.65 ਲੱਖ ਤੋਂ ਜਿ਼ਆਦਾ ਲੋਕ ਸਭ ਤੋਂ ਜਿ਼ਆਦਾ ਪ੍ਰਭਾਵਿਤ ਹੋਏ ਹਨ।

ਹਾਥਰਸ ਘਟਨਾ 'ਤੇ ਸੀ.ਐੱਮ. ਯੋਗੀ ਦਾ ਬਿਆਨ- ਦੋਸ਼ੀਆਂ ਨੂੰ ਮਿਲੇਗੀ ਸਜਾ

ਏਜੰਸੀਆਂ

ਹਾਥਰਸ 3 ਜੁਲਾਈ। ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿਤਿਆਨਾਥ ਨੇ ਹਾਥਰਸ ਹਾਦਸੇ ਨੂੰ ਲੈ ਕੇ ਪ੍ਰੈੱਸ ਕਾਨਫਰੰਸ ਕਰ ਕੇ ਕਈ ਅਹਿਮ ਗੱਲਾਂ ਕਹੀਆਂ। ਇਸ ਦੌਰਾਨ ਉਨ੍ਹਾਂ ਨੇ ਨਿਆਇਕ ਜਾਂਚ ਦਾ ਐਲਾਨ ਕਰਦੇ ਹੋਏ ਕਿਹਾ ਕਿ ਇਸ ਮਾਮਲੇ 'ਚ ਜੋ ਵੀ ਦੋਸ਼ੀ ਹੋਵੇਗਾ ਉਸ ਖਿ਼ਲਾਫ ਸਖਤ ਕਾਰਵਾਈ ਕੀਤੀ ਜਾਵੇਗੀ। ਇਸ ਲਈ ਹਾਈ ਕੋਰਟ ਦੇ ਰਿਟਾਇਰਡ ਜੱਜ ਦੇ ਨਿਰਦੇਸ਼ਨ 'ਚ ਇਕ ਕਮੇਟੀ ਦਾ ਗਠਨ ਕੀਤਾ ਜਾ ਰਿਹਾ ਹੈ, ਜੋ ਮਾਮਲੇ ਦੀ ਜਾਂਚ ਕਰੇਗੀ। ਉਨ੍ਹਾਂ ਨੇ ਘਟਨਾ 'ਚ ਸਾਜਿਸ਼ ਵੱਲ ਇਸ਼ਾਰਾ ਕਰਦੇ ਹੋਏ ਕਿਹਾ,"ਇਹ ਹਾਦਸਾ ਸੀ ਜਾਂ ਕੋਈ ਸਾਜਿਸ਼ ਅਤੇ ਜੇਕਰ ਸਾਜਿਸ਼ ਸੀ ਤਾਂ ਇਸ 'ਚ ਕਿਸ ਦਾ ਹੱਥ ਹੈ... ਇਨ੍ਹਾਂ ਸਾਰੇ ਪਹਿਲੂਆਂ ਨੂੰ ਜਾਣਨ ਲਈ ਅਸੀਂ ਨਿਆਂਇਕ ਜਾਂਚ ਵੀ ਕਰਵਾਵਾਂਗੇ, ਜੋ ਹਾਈ ਕੋਰਟ ਦੇ ਸੇਵਾਮੁਕਤ ਜੱਜ ਦੀ ਪ੍ਰਧਾਨਗੀ 'ਚ ਕੀਤੀ ਜਾਵੇਗੀ।" ਯੋਗੀ ਨੇ ਕਿਹਾ ਕਿ ਇਸ ਹਾਦਸੇ 'ਚ 121 ਲੋਕਾਂ ਦੀ ਦੁਖਦ ਮੌਤ ਹੋਈ ਹੈ। ਯੂ.ਪੀ. ਦੇ ਨਾਲ-ਨਾਲ ਹਰਿਆਣਾ, ਰਾਜਸਥਨਾ ਅਤੇ ਮੱਧ ਪ੍ਰਦੇਸ਼ ਦੇ ਲੋਕ ਵੀ ਇਸ ਪ੍ਰੋਗਰਾਮ 'ਚ ਸ਼ਾਮਲ ਸਨ। ਯੂ.ਪੀ. ਦੇ 16 ਜਿ਼ਲ੍ਹਿਆਂ ਦੇ ਲੋਕਾਂ ਦੀ ਇਸ ਹਾਦਸੇ 'ਚ ਮੌਤ ਹੋਈ ਹੈ। ਇਸ ਤਰ੍ਹਾਂ ਦੇ ਆਯੋਜਨ 'ਚ ਸੇਵਾਦਾਰ ਪ੍ਰਸ਼ਾਸਨ ਨੂੰ ਆਉਣ

ਨਹੀਂ ਦਿੰਦੇ। ਸੀ.ਐੱਮ. ਯੋਗੀ ਨੇ ਦੱਸਿਆ ਕਿ ਆਗਰਾ ਜੋਨ ਦੇ ਏ.ਡੀ.ਜੀ. ਦੀ ਪ੍ਰਧਾਨਗੀ 'ਚ ਐੱਸ.ਆਈ.ਟੀ. ਗਠਿਤ ਕੀਤੀ ਗਈ ਹੈ। ਇਹ ਜਾਂਚ ਪਾਰਦਰਸ਼ੀ ਤਰੀਕੇ ਨਾਲ ਹੋਣੀ ਚਾਹੀਦੀ ਹੈ। ਹਾਦਸੇ ਦੇ ਕਾਰਨਾਂ, ਹਾਦਸੇ ਦੇ ਜਿ਼ੰਮੇਵਾਰਾਂ ਲਈ ਐੱਫ.ਆਈ.ਆਰ. ਦਰਜ ਕੀਤੀ ਗਈ ਹੈ। ਮਾਮਲੇ ਦੀ ਨਿਆਇਕ ਜਾਂਚ ਕੀਤੀ ਜਾਵੇਗੀ। ਮੁੱਖ ਮੰਤਰੀ ਨੇ ਕਿਹਾ,"ਇਸ 'ਚ ਪ੍ਰਸ਼ਾਸਨ ਅਤੇ ਪੁਲਸ ਦੇ ਸੇਵਾਮੁਕਤ ਅਧਿਕਾਰੀਆਂ ਨੂੰ ਰੱਖ ਕੇ ਘਟਨਾ ਦੀ ਤਹਿ 'ਚ ਜਾਵਾਂਗੇ ਅਤੇ ਜੋ ਵੀ ਇਸ ਲਈ ਦੋਸ਼ੀ ਹੋਵੇਗਾ ਉਨ੍ਹਾਂ ਸਾਰਿਆਂ ਨੂੰ ਸਜਾ ਦਿੱਤੀ ਜਾਵੇਗੀ।" ਯੋਗੀ ਨੇ ਕਿਹਾ,"ਇਸ ਤਰ੍ਹਾਂ ਦੀ ਘਟਨਾ ਮੁੜ ਨਾ ਹੋਵੇ, ਇਸ ਲਈ ਮਾਨਕ ਸੰਚਾਲਨ ਪ੍ਰਕਿਰਿਆ (ਐੱਸਓਪੀ) ਤਿਆਰ ਕੀਤੀ ਜਾਵੇਗੀ ਤਾਂ ਕਿ ਭਵਿੱਖ 'ਚ ਹੋਣ ਵਾਲੇ ਇਸੇ ਤਰ੍ਹਾਂ ਦੇ ਕਿਸੇ ਵੀ ਵੱਡੇ ਆਯੋਜਨ 'ਚ ਇਸ ਨੂੰ ਲਾਗੂ ਕੀਤਾ ਜਾ ਸਕੇ। ਇਨ੍ਹਾਂ ਸਾਰੀਆਂ ਚੀਜਾਂ ਨੂੰ ਯਕੀਨੀ ਕੀਤਾ ਜਾਵੇਗਾ।" ਦੱਸਣਯੋਗ ਹੈ ਕਿ ਇਸ ਤੋਂ ਪਹਿਲਾਂ ਸੀ.ਐੱਮ. ਯੋਗੀ ਨੇ ਜਖਮੀਆਂ ਦਾ ਹਾਲ-ਚਾਲ ਪੁੱਛਣ ਲਈ ਹਾਥਰਸ ਜਿ਼ਲ੍ਹਾ ਹਸਪਤਾਲ ਪਹੁੰਚੇ। ਹਾਥਰਸ ਦੇ ਸਿਕੰਦਰਾਰਾਊ ਖੇਤਰ 'ਚ ਮੰਗਲਵਾਰ ਨੂੰ ਇਕ ਸਤਿਸੰਗ ਦੌਰਾਨ ਭੱਜ-ਦੌੜ 'ਚ 121 ਲੋਕ ਮਾਰੇ ਗਏ ਸਨ। ਸੀ.ਐੱਮ. ਯੋਗੀ ਨੇ ਮ੍ਰਿਤਕਾਂ ਦੇ ਪਰਿਵਾਰਾਂ ਨੂੰ 2-2 ਲੱਖ ਅਤੇ ਜਖਮੀਆਂ ਨੂੰ 50-50 ਹਜਾਰ ਰੁਪਏ ਦੀ ਮਦਦ ਰਾਸ਼ੀ ਦੇਣ ਦਾ ਵੀ ਐਲਾਨ ਕੀਤਾ ਸੀ।

ਝਾਰਖੰਡ ਦੇ ਮੁੱਖ ਮੰਤਰੀ ਨੇ ਦਿੱਤਾ ਅਸਤੀਫਾ, ਹੇਮੰਤ ਸੋਰੇਨ ਮੁੜ ਸੰਭਾਲਣਗੇ ਸੂਬੇ ਦੀ ਕਮਾਨ

ਨੈਸ਼ਨਲ ਡੈਸਕ 3 ਜੁਲਾਈ। ਦੇਸ਼ ਦੀ ਸਿਆਸਤ 'ਚ ਲਗਾਤਾਰ ਉਥਲ-ਪੁਥਲ ਜਾਰੀ ਹੈ। ਇਸੇ ਦੌਰਾਨ ਝਾਰਖੰਡ ਦੀ ਸਿਆਸਤ 'ਚ ਇਕ ਹੋਰ ਵੱਡਾ ਧਮਾਕਾ ਹੋਣ ਜਾ ਰਿਹਾ ਹੈ, ਜਿੱਥੇ

ਨਵਾਂ ਸਟਾਕ ਨਾ ਆਉਣ 'ਤੇ ਪੁਰਾਣੇ ਭਾਅ 'ਤੇ ਵਿਕ ਰਹੀ ਹੈ 'ਸ਼ਰਾਬ', ਆਉਣ ਵਾਲੇ ਸਮੇਂ 'ਚ ਵੱਧ ਸਕਦੀਆਂ ਕੀਮਤਾਂ

ਅੰਮ੍ਰਿਤਸਰ 3 ਜੁਲਾਈ। ਸਰਾਬ ਦੇ ਨਵੇਂ ਠੇਕੇ ਅਲਾਟ ਹੋਣ ਦੇ ਬਾਵਜੂਦ ਵੀ ਇਸ ਵਾਰ ਸਰਾਬ ਦੇ ਭਾਅ ਨਾ ਵਧਣ ਕਾਰਨ 'ਸਰਾਬ ਪ੍ਰੇਮੀ' ਜਿੱਥੇ ਆਨੰਦ ਮਾਣ ਰਹੇ ਹਨ, ਉਥੇ ਮੌਜ-ਮਸਤੀਆਂ ਵੀ ਕਰ ਰਹੇ ਹਨ। ਕਾਰਨ ਇਹ ਹੈ ਕਿ ਸਰਾਬ ਦੇ ਠੇਕਿਆਂ ਦੀ ਨਵੀਂ ਨਿਲਾਮੀ ਸਮੇਂ ਇਹ ਉਮੀਦ ਕੀਤੀ ਜਾ ਰਹੀ ਸੀ ਕਿ ਸਰਾਬ ਦੀਆਂ ਕੀਮਤਾਂ ਵਧ ਜਾਣਗੀਆਂ ਪਰ ਸੂਚਨਾ ਮਿਲਣ ਤੱਕ ਪੁਰਾਣੇ ਰੇਟਾਂ 'ਤੇ ਹੀ ਸਰਾਬ ਵੇਚੀ ਜਾ ਰਹੀ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਵਿਭਾਗ ਦੇ ਲੋਕਾਂ ਵੱਲੋਂ ਅਜੇ ਤੱਕ ਸਰਾਬ ਦੀਆਂ ਦੁਕਾਨਾਂ 'ਤੇ ਨਵੀਂ ਸਰਾਬ ਦੀ ਸਪਲਾਈ ਨਹੀਂ ਕੀਤੀ ਗਈ ਹੈ। ਦੱਸਿਆ ਜਾਂਦਾ ਹੈ ਕਿ ਸਰਾਬ ਦੇ ਠੇਕੇਦਾਰਾਂ ਕੋਲ ਅਜੇ ਵੀ ਪਿਛਲੇ ਸਾਲ ਦਾ ਸਟਾਕ ਬਾਕੀ ਹੈ। ਪੁਰਾਣੇ ਬਾਕੀ ਬਚੇ ਸਟਾਕ ਨੂੰ ਨਵੇਂ ਵਿੱਤੀ ਸਾਲ 24/25 ਨੂੰ ਭੇਜ ਦਿੱਤਾ ਗਿਆ ਹੈ ਅਤੇ ਵਿਕਰੀ ਲਈ ਕਾਨੂੰਨੀ ਘੋਸ਼ਿਤ ਕੀਤਾ ਗਿਆ ਹੈ। ਨਵੀਂ ਸਪਲਾਈ ਆਉਣ ਤੋਂ ਬਾਅਦ ਸਰਾਬ ਦੀਆਂ ਕੀਮਤਾਂ ਵਧ ਸਕਦੀਆਂ ਹਨ। ਜ਼ਿਕਰਯੋਗ ਹੈ ਕਿ ਪਿਛਲੇ 5 ਸਾਲਾਂ ਤੋਂ ਹਰ ਸਾਲ ਕੈਰੀ-ਫਾਰਵਰਡ ਆਧਾਰ 'ਤੇ ਸਰਾਬ ਦੇ ਠੇਕਿਆਂ ਦੀ ਨਿਲਾਮੀ ਹੁੰਦੀ ਸੀ ਪਰ ਇਸ ਵਾਰ ਨਹੀਂ ਕਰਵਾਈ ਗਈ, ਜਦੋਂ ਵਿਭਾਗ ਵੱਲੋਂ ਹਰ ਸਾਲ ਅਲਾਟਮੈਂਟ ਦੇ ਰੂਪ ਵਿਚ ਪਾਲਿਸੀ ਬਣਾਈ ਜਾਂਦੀ ਹੈ ਤਾਂ ਆਬਕਾਰੀ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤਾਂ ਜਾਰੀ ਕੀਤੀਆਂ ਜਾਂਦੀਆਂ ਹਨ। ਉਸ ਵਿਚ ਸਰਕਾਰ ਨੇ ਇਹ ਨੀਤੀ ਦਿੱਤੀ ਸੀ ਕਿ ਜੇਕਰ ਕਿਸੇ ਸਰਕਲ ਦਾ ਠੇਕੇਦਾਰ ਆਪਣੇ ਪਹਿਲੇ ਸਾਲ ਦੇ ਮੁਕਾਬਲੇ 10 ਤੋਂ 15 ਫੀਸਦੀ ਜਾਂ ਕੋਈ ਫਿਕਸਡ ਡਿਊਟੀ ਅਦਾ ਕਰਨ ਲਈ ਤਿਆਰ ਹੈ ਤਾਂ ਉਸ ਸਰਕਲ ਦੇ ਠੇਕੇ ਉਸੇ ਗਰੁੱਪ ਨੂੰ ਅੱਗੇ ਲਿਜਾਏ ਜਾਣ ਜਾਂ ਠੇਕੇਦਾਰ ਇਸੇ ਤਰ੍ਹਾਂ ਵਿਭਾਗ ਦੀ ਯੋਜਨਾ ਅਨੁਸਾਰ

ਇਨ੍ਹਾਂ 5 ਸਾਲਾਂ ਵਿਚ ਸਰਾਬ ਦੇ ਠੇਕੇਦਾਰ ਗਰੁੱਪ 4 ਸਾਲ ਇਸ ਨੀਤੀ ਨੂੰ ਮੰਨਦੇ ਰਹੇ। ਇਸੇ ਤਰ੍ਹਾਂ ਪਿਛਲੇ ਸਾਲ 23-24 ਵਿੱਚ ਪੰਜਵੀਂ ਵਾਰ ਵਿਭਾਗੀ ਅਧਿਕਾਰੀਆਂ ਨੇ ਆਪਣੀ ਕੁਸਲਤਾ ਕਾਰਨ ਉਕਤ ਠੇਕੇਦਾਰਾਂ ਨੂੰ ਮਨਾ ਲਿਆ ਅਤੇ ਫਿਰ ਉਨ੍ਹਾਂ ਨੂੰ ਕਈ ਤਰ੍ਹਾਂ ਦੇ ਲਾਲਚ ਦੇ ਕੇ ਠੇਕੇ ਅਲਾਟ ਕਰ ਦਿੱਤੇ ਗਏ ਪਰ ਇਸ ਸਾਲ ਦੇ ਅੱਧ ਵਿੱਚ ਵੀ ਠੇਕੇਦਾਰ ਸਰਾਬ ਦੇ ਕਾਰੋਬਾਰ ਤੋਂ ਬਹੁਤੇ ਖੁਸ਼ ਨਹੀਂ ਸਨ। ਪਹਿਲਾਂ ਵਾਂਗ ਨਵੇਂ ਵਿੱਤੀ ਵਰ੍ਹੇ ਵਿੱਚ ਵੀ ਕੈਰੀ-ਫੋਰਡ ਸਰਾਬ ਦੇ ਠੇਕਿਆਂ ਦੀ ਅਲਾਟਮੈਂਟ ਨੂੰ ਲੈ ਕੇ ਵਿਭਾਗ ਅਤੇ ਠੇਕੇਦਾਰਾਂ ਵਿਚ ਕੋਈ ਬਰਾਬਰੀ ਨਹੀਂ ਰਹੀ। ਠੇਕੇਦਾਰਾਂ ਨੇ ਲਾਟਰੀ ਪ੍ਰਣਾਲੀ ਵਿੱਚ 'ਡਰਾਅ' ਦਾ ਪ੍ਰਸਤਾਵ ਦਿੱਤਾ, ਜਿਸ ਨੂੰ ਸਰਕਾਰ ਨੂੰ ਸਵੀਕਾਰ ਕਰਨਾ ਪਿਆ। ਹਾਲਾਂਕਿ ਮੌਜੂਦਾ ਸਮੇਂ ਵਿਚ ਆਬਕਾਰੀ ਵਿਭਾਗ ਦੇ ਅਧਿਕਾਰੀਆਂ ਨੇ ਸਿਸਟਮ ਨੂੰ ਸੁਚੱਜੇ ਢੰਗ ਨਾਲ ਸੰਭਾਲਦੇ ਹੋਏ ਪਾਰਦਰਸਤਾ ਪ੍ਰਣਾਲੀ ਰਾਹੀਂ ਲਾਟਰੀ ਡਰਾਅ ਕੱਢੇ, ਜਿਸ ਨਾਲ ਪਹਿਲਾਂ ਨਾਲੋਂ 6 ਫੀਸਦੀ ਜ਼ਿਆਦਾ ਮਾਲੀਆ ਪ੍ਰਾਪਤ ਹੋਇਆ। ਸਰਾਬ ਦੇ ਨਵੇਂ ਠੇਕੇ ਅਲਾਟ ਹੋਣ ਤੋਂ ਬਾਅਦ ਅਜੇ ਤੱਕ ਨਵਾਂ ਸਟਾਕ ਨਾ ਮਿਲਣ ਕਾਰਨ ਕਈ ਬਰਾਂਡਾਂ ਦੀ ਸਰਾਬ ਪ੍ਰਚੂਨ ਵਾਈਨ ਦੀਆਂ ਠੇਕਿਆਂ ਤੋਂ ਗਾਇਬ ਹੈ। ਇਨ੍ਹਾਂ ਵਿਚ ਮੁੱਖ ਤੌਰ 'ਤੇ ਉਹ ਬ੍ਰਾਂਡ ਸਾਮਲ ਨਹੀਂ ਹੁੰਦੇ ਜੋ ਆਮ ਤੌਰ 'ਤੇ ਵੇਚੇ ਜਾਂਦੇ ਹਨ। ਠੇਕੇਦਾਰਾਂ ਦਾ ਮੰਨਣਾ ਹੈ ਕਿ ਪਿਛਲੇ ਸਾਲ ਦਾ ਸਟਾਕ ਅਜੇ ਬਾਕੀ ਹੈ। ਇਨ੍ਹਾਂ ਵਿਚ ਕਈ ਪੱਛੜੀਆਂ ਕੰਪਨੀਆਂ ਦੇ ਤੀਜੇ, ਚੌਥੇ ਅਤੇ ਹੋਰ ਬ੍ਰਾਂਡਾਂ ਵਿਚ ਆਉਣ ਵਾਲੇ ਬਹੁਤ ਸਾਰੇ ਬ੍ਰਾਂਡ ਹਨ, ਜੋ ਬਹੁਤ ਘੱਟ ਵਿਕਦੇ ਹਨ ਅਤੇ ਘੱਟ ਖਰੀਦਦਾਰ ਹਨ। ਅੱਜ ਕੱਲ, ਜਦੋਂ ਮੌਜੂਦਾ ਬ੍ਰਾਂਡਾਂ ਦਾ ਸਟਾਕ ਮੁਹੱਈਆ ਨਹੀਂ ਹੈ, ਖਪਤਕਾਰ ਇਨ੍ਹਾਂ ਪਛੜੇ ਬ੍ਰਾਂਡਾਂ ਵਿੱਚੋਂ ਇਕ ਜਾਂ ਦੂਜੇ ਨੂੰ ਚੁਣਦਾ ਹੈ। ਆਮ ਤੌਰ 'ਤੇ ਸਰਾਬ ਦੇ ਠੇਕੇ 'ਤੇ ਜਾਣ ਵਾਲਾ ਖਪਤਕਾਰ ਖਾਲੀ ਹੱਥ ਨਹੀਂ ਪਰਤਦਾ। ਅਜਿਹੇ ਦਿਨਾਂ 'ਤੇ ਸਰਾਬ ਦੇ ਠੇਕੇਦਾਰਾਂ ਦੇ 'ਡੈੱਡ-ਸਟਾਕ' ਬਰਾਂਡ ਨਿਕਲਦੇ ਹਨ। ਸਰਾਬ ਦੀਆਂ ਬੋਤਲਾਂ ਦੀ ਕੋਈ ਐਕਸਪਾਇਰੀ ਡੇਟ ਨਾ ਹੋਣ ਕਾਰਨ ਪੁਰਾਣੇ ਸਟਾਕ ਨੂੰ ਖਤਮ ਕਰਨ ਦਾ ਫਾਇਦਾ ਠੇਕੇਦਾਰਾਂ ਨੂੰ ਜਰੂਰ ਮਿਲੇਗਾ। ਸਰਾਬ ਦਾ ਕਾਰੋਬਾਰ ਕਰਨ ਵਾਲੇ ਜਾਂ ਸਰਾਬ ਦੀਆਂ ਕੀਮਤਾਂ ਬਾਰੇ ਜਾਣਕਾਰੀ ਰੱਖਣ ਵਾਲੇ ਲੋਕਾਂ ਦਾ ਕਹਿਣਾ ਹੈ ਕਿ ਇਸ ਵਾਰ ਸਰਾਬ ਦੀ ਦੇਸੀ ਅਤੇ ਪ੍ਰਚੂਨ ਵਿਕਰੀ ਦੇ ਰੇਟ ਪਹਿਲਾਂ ਦੇ ਮੁਕਾਬਲੇ ਵਧਣਗੇ। ਮੰਨਿਆ ਜਾ ਰਿਹਾ ਹੈ ਕਿ ਜੇਕਰ ਵਿਭਾਗ ਨੂੰ ਪਿਛਲੇ ਸਾਲ ਦੇ ਮੁਕਾਬਲੇ 6 ਫੀਸਦੀ ਜ਼ਿਆਦਾ ਮਾਲੀਆ ਮਿਲਿਆ ਹੈ ਤਾਂ ਇਸ ਦਾ ਮਤਲਬ ਹੈ ਕਿ ਕੀਮਤਾਂ 4 ਤੋਂ 7 ਫੀਸਦੀ ਵਧ ਸਕਦੀਆਂ ਹਨ। ਇਸ ਅੰਦਾਜੇ ਮੁਤਾਬਕ ਸਰਾਬ ਦੀ ਬੋਤਲ ਦੀ ਕੀਮਤ 40 ਰੁਪਏ ਤੋਂ 200 ਰੁਪਏ ਤੱਕ ਵਧ ਜਾਵੇਗੀ। ਭਾਵੇ ਮੰਦੀ ਹੋਵੇ ਜਾਂ ਸਰਾਬ ਦੇ ਠੇਕਿਆਂ 'ਤੇ ਉਛਾਲ! 31 ਮਾਰਚ ਲਈ ਕੋਈ ਸਕੀਮ ਹੋਣੀ ਚਾਹੀਦੀ ਹੈ ਜਾਂ ਫਿਰ ਰੇਟ ਘਟਾਏ ਜਾਣੇ ਚਾਹੀਦੇ ਹਨ। ਸਰਾਬ ਦੀ ਬੋਤਲ ਸਸਤੀ ਹੋ ਜਾਂਦੀ ਹੈ ਪਰ ਪਾਵਾ ਅਤੇ ਅੱਧਾ/ਚੌਥਾਈ ਸਰਾਬ ਦੀ ਕੀਮਤ ਨਹੀਂ ਘਟਦੀ। ਇਸ 'ਤੇ ਲੋਕਾਂ ਦਾ ਕਹਿਣਾ ਹੈ ਕਿ ਜੋ ਗਰੀਬ ਵਿਅਕਤੀ ਬੋਤਲ ਨਹੀਂ ਖਰੀਦ ਸਕਦਾ, ਉਸ ਦੀ ਜਰੂਰਤ ਨੂੰ ਦੇਖਦੇ ਹੋਏ 'ਅੱਧਾ-ਚੌਥਾਈ' ਦੀ ਕੀਮਤ ਘਟਾਈ ਜਾਣੀ ਚਾਹੀਦੀ ਹੈ। ਇਹ ਦੱਸਣਾ ਜਰੂਰੀ ਹੈ ਕਿ ਪਹਿਲਾਂ ਵੀ ਸਰਾਬ ਦਾ ਕੇਸ ਖਰੀਦਣ ਵੇਲੇ ਜਿਸ ਕੀਮਤ 'ਤੇ ਬੋਤਲ ਮਿਲਦੀ ਸੀ, ਉਹੀ ਸੀ ਪਰ ਸਰਾਬ ਦੇ ਠੇਕਿਆਂ 'ਤੇ 'ਚੌਥਾਈ' ਦੀ ਕੀਮਤ ਵੀ ਉਹੀ ਸੀ। ਰੇਲਵੇ ਸਟੇਸਨ ਦੇ ਪਾਰਸਲ ਵਿਭਾਗ ਵਿੱਚ ਕੰਮ ਕਰਦੇ ਆਟੋ ਯੂਨੀਅਨ ਦੇ ਮੁਖੀ ਜੱਜ ਕੁਮਾਰ ਬਜਾਜ ਨੇ ਕਿਹਾ ਹੈ ਕਿ ਸਰਾਬ ਦੀਆਂ ਬੋਤਲਾਂ ਅਤੇ ਕੁਆਟਰਾਂ ਦੇ ਮੁਕਾਬਲੇ ਲੋਕਾਂ ਤੋਂ 25 ਤੋਂ 30 ਫੀਸਦੀ ਤੱਕ ਵਸੂਲੇ ਜਾਂਦੇ ਹਨ। ਜੱਜ ਬਜਾਜ ਨੇ ਸਰਕਾਰ ਨੂੰ ਤਾਕੀਦ ਕੀਤੀ ਹੈ ਕਿ ਮਜਦੂਰ ਵਰਗ 'ਤੇ ਨਜਰ ਰੱਖਦੇ ਹੋਏ ਸਰਾਬ ਦੇ ਠੇਕੇਦਾਰਾਂ ਦੇ ਕੁਆਰਟਰਾਂ ਅਤੇ ਅੱਧਿਆਂ ਵਿਚ ਰੇਟ ਘੱਟ ਕੀਤੇ ਜਾਣ।

ਵਿਦੇਸ਼ ਭੇਜਣ ਦੇ ਨਾਂ 'ਤੇ ਧੋਖਾਦੇਹੀ, 2 ਵਿਰੁੱਧ ਮਾਮਲਾ ਦਰਜ

ਹੁਸ਼ਿਆਰਪੁਰ 3 ਜੁਲਾਈ। ਥਾਣਾ ਸਦਰ ਪੁਲਸ ਨੇ ਵਿਦੇਸ਼ ਭੇਜਣ ਦੇ ਨਾਂ 'ਤੇ ਧੋਖਾਦੇਹੀ ਕਰਨ ਦੇ ਦੋਸ਼ 'ਚ 2 ਵਿਰੁੱਧ ਮਾਮਲਾ ਦਰਜ ਕੀਤਾ ਹੈ। ਇਹ ਸ਼ਿਕਾਇਤ ਜਸਪਾਲ ਸਿੰਘ ਪੁੱਤਰ ਸਵਰਗੀ ਰਾਮ ਆਸਰਾ ਵਾਸੀ ਪਿੰਡ ਸੌਂਚਾ ਵੱਲੋਂ 4 ਅਕਤੂਬਰ 2013 ਨੂੰ ਅੰਕੁਸ਼ ਪੁੱਤਰ ਗੰਗਾ ਰਾਮ ਵਾਸੀ ਨਵੀਂ ਆਬਾਦੀ ਇਸਲਾਮਾਬਾਦ ਜ਼ਿਲ੍ਹਾ ਫਾਜ਼ਿਲਕਾ, ਭੁਪਿੰਦਰ ਸਿੰਘ ਵਾਸੀ ਨਵੀਂ ਆਬਾਦੀ ਗੰਜੂਆਨਾ ਜ਼ਿਲ੍ਹਾ ਫਾਜ਼ਿਲਕਾ ਅਤੇ ਰਾਣੀ ਪਤਨੀ ਸੁੱਚਾ ਸਿੰਘ ਵਾਸੀ ਪਿੰਡ ਆਦਮਬਾਲ ਜ਼ਿਲ੍ਹਾ ਹੁਸ਼ਿਆਰਪੁਰ ਅਤੇ ਉਨ੍ਹਾਂ ਦੀਆਂ ਧੀਆਂ ਸੀਮਾ ਅਤੇ ਸੋਨੀਆ ਵੱਲੋਂ ਵਿਦੇਸ਼ ਭੇਜਣ ਦੇ ਨਾਂ 'ਤੇ ਧੋਖਾਦੇਹੀ ਕਰਨ ਸਬੰਧੀ ਅਤੇ ਕਾਨੂੰਨੀ ਕਾਰਵਾਈ ਕਰਵਾਉਣ ਲਈ

ਜ਼ਿਲ੍ਹਾ ਪੁਲਸ ਹੈੱਡਕੁਆਰਟਰ 'ਚ ਦਿੱਤੀ ਸੀ। ਜਿਸ ਦੀ ਪੜਤਾਲ ਡੀ. ਐੱਸ. ਪੀ. ਪਰਮਿੰਦਰ ਸਿੰਘ ਵੱਲੋਂ ਕੀਤੀ ਗਈ। ਜਿਨ੍ਹਾਂ ਨੇ ਆਪਣੀ ਪੜਤਾਲ 'ਚ ਪ੍ਰਾਰਥੀ ਵੱਲੋਂ ਸੁਸ਼ਮਾ ਦੇਵੀ ਉਰਫ ਰਾਣੀ ਪਤਨੀ ਸੁੱਚਾ ਰਾਮ ਵਾਸੀ ਆਦਮਬਾਲ ਤੇ ਉਨ੍ਹਾਂ ਦੀਆਂ ਲੜਕੀਆਂ ਸੋਨੀਆ ਆਦਿ 'ਤੇ ਲਾਏ ਗਏ ਦੋਸ਼ਾਂ 'ਚ ਕੋਈ ਸੱਚਾਈ ਨਹੀਂ ਪਾਈ ਕਿਉਂਕਿ ਉਹ ਕੋਈ ਟ੍ਰੈਵਲ ਏਜੰਸੀ ਦਾ ਕੰਮ ਨਹੀਂ ਕਰਦੇ। ਅੰਕੁਸ਼ ਪੁੱਤਰ ਗੰਗਾ ਰਾਮ ਵਾਸੀ ਨਵੀਂ ਆਬਾਦੀ ਇਲਾਮਾਬਾਦ ਜ਼ਿਲ੍ਹਾ ਫਾਜ਼ਿਲਕਾ ਹਾਲ ਵਾਸੀ ਮਾਰੀਸ਼ਸ ਨੇ ਆਪਣੇ ਸਾਥੀ ਭੁਪਿੰਦਰ ਸਿੰਘ ਨਾਲ ਮਿਲ ਕੇ 1,70,000 ਰੁਪਏ ਅਤੇ 2200 ਅਮਰੀਕਨ ਡਾਲਰ ਦਾ ਫਰਾਡ ਕਰਨ ਅਤੇ ਦੋਵੇਂ ਦੋਸ਼ੀ ਪਾਏ ਜਾਣ 'ਤੇ ਮੁਕੱਦਮਾ ਦਰਜ ਕਰਨ ਦੀ ਸਿਫਾਰਿਸ਼ ਕੀਤੀ। ਪੁਲਸ ਨੇ ਦੋਵਾਂ ਦੋਸ਼ੀਆਂ ਵਿਰੁੱਧ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ।

ਰਾਘਵ ਬਾਂਸਲ ਨੇ ਬਾਲੀਵੁੱਡ ਫਿਲਮ ਇੰਡਸਟਰੀ 'ਚ ਚਮਕਾਇਆ ਰਾਮਾਂ ਮੰਡੀ ਦਾ ਨਾਂ

ਰਾਮਾਂ ਮੰਡੀ 3 ਜੁਲਾਈ। ਰਾਮਾਂ ਮੰਡੀ ਦੇ ਉਘੇ ਸਮਾਜਸੇਵੀ ਆਗੂ ਤਰਸੇਮ ਚੰਦ ਬਾਂਸਲ ਦੇ ਪੋਤਰੇ ਅਤੇ ਰਾਜੇਸ਼ ਕੁਮਾਰ ਬਾਂਸਲ ਉਰਫ ਰਿੰਪੀ ਦੇ ਸਪੁੱਤਰ ਰਾਘਵ ਬਾਂਸਲ ਜੋ ਕਿ ਬਾਲੀਵੁੱਡ ਵਿਚ ਪਹਿਲੀ ਵਾਰ ਕਦਮ ਰੱਖਦਿਆਂ ਬਾਲੀਵੁਡ ਦੀ ਮਸ਼ਹੂਰ ਫਿਲਮ ਚਮਕੀਲਾ ਵਿਚ ਬਤੌਰ ਲਕਸ਼ਮਣ ਨਾਮ ਦੇ ਵਿਅਕਤੀ ਦਾ ਰੋਲ ਅਦਾ ਕੀਤਾ ਹੈ ਅਤੇ ਰਾਮਾਂ ਮੰਡੀ ਦਾ ਨਾਮ ਰੋਸ਼ਨ ਕੀਤਾ ਹੈ। ਵਿਸ਼ੇਸ਼ ਗੱਲਬਾਤ ਦੌਰਾਨ ਫਿਲਮ ਐਕਟਰ ਰਾਘਵ ਬਾਂਸਲ ਨੇ ਦੱਸਿਆ ਕਿ ਉਹ ਰਾਮਾਂ ਮੰਡੀ ਦੇ ਜੰਮਪਲ ਹਨ ਅਤੇ ਆਪਣੀ ਮੁੱਢਲੀ ਪੜ੍ਹਾਈ ਦੂਸਰੀ ਜਮਾਤ ਤੋਂ 10 ਜਮਾਤ ਮਾਊਟ ਲਿਟਰਾ ਜੀ ਸਕੂਲ ਬਠਿੰਡਾ ਤੋਂ ਕੀਤੀ। ਸਕੂਲ ਸਮੇਂ ਦੌਰਾਨ ਹੀ ਉਨ੍ਹਾਂ ਦੀ ਐਕਟਿੰਗ ਵਿਚ ਰੁਚੀ ਪੈਦਾ ਹੋ ਗਈ ਅਤੇ ਬਤੌਰ ਥੀਏਟਰ ਕਲਾਕਾਰ ਕੰਮ ਕਰਦੇ ਰਹੇ। ਫਿਲਹਾਲ ਉਹ ਚੰਡੀਗੜ੍ਹ ਵਿਖੇ ਐਸ.ਡੀ ਕਾਲਜ ਵਿਚ ਬੀ.ਏ ਕਰ ਰਹੇ ਹਨ ਤੇ ਨਾਲ ਨਾਲ ਥੀਏਟਰ ਕਰ ਰਹੇ ਹਨ। 18 ਸਾਲ ਦੇ ਰਾਘਵ ਬਾਂਸਲ ਨੇ ਮੁਕੇਸ਼ ਛਾਬੜਾ ਕੰਪਨੀ ਨੂੰ ਬਾਲੀਵੁਡ ਫਿਲਮ ਲਈ ਆਡੀਸ਼ਨ ਦਿੱਤੇ ਅਤੇ ਸਿਲੈਕਸ਼ਨ ਤੋਂ ਬਾਅਦ ਫਿਲਮ ਸੂਟ ਲਈ ਬੰਬਈ ਚਲੇ ਗਏ ਅਤੇ 1 ਸਾਲ ਤੋਂ ਬਾਅਦ ਉਨ੍ਹਾਂ ਦੀ ਬਾਲੀਵੁਡ ਦੀ ਪਹਿਲੀ ਫਿਲਮ ਚਮਕੀਲਾ ਵਿਚ ਬਤੌਰ ਚਮਕੀਲਾ ਦੇ ਸਾਥੀ ਦਾ ਰੋਲ ਅਦਾ ਕਰਨ ਦਾ ਮੌਕਾ ਮਿਲਿਆ। ਉਨ੍ਹਾਂ ਨੇ ਦੱਸਿਆ ਕਿ ਉਨ੍ਹਾਂ ਦੀਆਂ ਹੋਰ ਵੀ ਕਈ ਪੰਜਾਬੀ ਫਿਲਮਾਂ ਅਤੇ ਬਾਲੀਵੁਡ ਫਿਲਮਾਂ ਜਲਦੀ ਆ ਰਹੀਆਂ ਹਨ, ਜਿਨ੍ਹਾਂ ਵਿਚ ਉਹ ਮੁੱਖ ਰੋਲ ਅਦਾ ਕਰ ਰਹੇ ਹਨ। ਰਾਘਵ ਨੇ ਦੱਸਿਆ ਕਿ ਉਨ੍ਹਾਂ ਦੀ ਪਹਿਲੀ ਮੂਵੀ ਚਮਕੀਲਾ ਦੇ ਫਿਲਮ ਡਾਇਰੈਕਟਰ ਇਨਤਿਆਜ ਅਲੀ, ਏ.ਆਰ ਰਹਿਮਾਨ ਨੇ ਮਿਊਜਿਕ ਕੀਤਾ ਹੈ ਅਤੇ ਚਮਕੀਲਾ ਦਾ ਰੋਲ ਦਲਜੀਤ ਦੋਸਾਂਜ ਅਤੇ ਅਮਰਜੋਤ ਦਾ ਰੋਲ ਅਦਾ ਪਰਨੀਤੀ ਚੋਪੜਾ ਨੇ ਅਦਾ ਕੀਤਾ। ਇਹ ਫਿਲਮ ਪੂਰੀ ਦੁਨੀਆਂ ਵਿਚ ਨੈਟਫਲਿਕਸ ਵਿਚ 10 ਵੇਂ ਸਥਾਨ ਤੇ ਅਤੇ ਹਿੰਦੋਸਤਾਨ ਦੇ ਪਹਿਲੇ ਨੰਬਰ ਤੇ ਚੱਲ ਰਹੀ ਹੈ। ਦੂਸਰੇ ਪਾਸੇ ਰਾਮਾਂ ਮੰਡੀ ਵਿਚ ਰਾਘਵ ਬਾਂਸਲ ਦੀ ਪਹਿਲੀ ਮੂਵੀ ਆਉਣ ਨਾਲ ਰਾਮਾ ਮੰਡੀ ਵਿਚ ਖੁਸ਼ੀ ਪਾਈ ਜਾ ਰਹੀ ਹੈ ਅਤੇ ਰਾਘਵ ਬਾਂਸਲ ਦੇ ਪਿਤਾ ਰਾਜੇਸ਼ ਕੁਮਾਰ ਬਾਂਸਲ, ਦਾਦਾ ਸ਼੍ਰੀ ਤਰਸੇਮ ਚੰਦ ਬਾਸਲ, ਅਸੋਕ ਕੁਮਾਰ ਬਾਂਸਲ ਅਤੇ ਚਾਚਾ ਮੁਕੇਸ਼ ਕੁਮਾਰ ਜੋਨੀ ਪਰਿਵਾਰ ਨੂੰ ਸ਼ਹਿਰ ਵਾਸੀਆਂ ਵਲੋਂ ਵਧਾਈਆਂ ਦਿੱਤੀਆਂ ਜਾ ਰਹੀਆਂ ਹਨ।

ਡੇਰੇ 'ਚ ਚੜ੍ਹਦੀ ਸ਼ਰਾਬ ਪੀਣ ਨਾਲ 1 ਵਿਅਕਤੀ ਦੀ ਮੌਤ

ਜੈਤੋ 3 ਜੁਲਾਈ। ਪਿੰਡ ਚੰਦਭਾਨ ਦੇ ਇਕ ਧਾਰਮਿਕ ਡੇਰੇ 'ਚ ਵਿਸਾਖੀ ਦੇ ਤਿਉਹਾਰ 'ਤੇ ਚੜ੍ਹਦੀ ਸਰਾਬ ਪੀਣ ਨਾਲ 1 ਵਿਅਕਤੀ ਦੀ ਮੌਤ ਤੇ 3 ਵਿਅਕਤੀਆਂ ਦੇ ਗੰਭੀਰ ਰੂਪ 'ਚ ਬੀਮਾਰ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ। ਜਾਣਕਾਰੀ ਮੁਤਾਬਕ ਵਿਸਾਖੀ ਦੇ ਦਿਨ ਪਿੰਡ ਚੰਦਭਾਨ ਦੇ ਡੇਰੇ 'ਚ ਸਰਾਬ ਚੜ੍ਹਦੀ ਹੈ ਤੇ ਉਸ ਉਪਰੰਤ ਪ੍ਰਸਾਦ ਦੇ ਰੂਪ 'ਚ ਇਹ ਸਰਾਬ ਲੋਕਾਂ ਨੂੰ ਵਰਤਾਈ ਜਾਂਦੀ ਹੈ, ਜਿਸ ਕਾਰਨ ਸਰਾਬ ਪੀਣ ਉਪਰੰਤ 4 ਵਿਅਕਤੀ ਬੇਹੋਸ ਹੋ ਗਏ ਤੇ ਉਨ੍ਹਾਂ ਨੂੰ ਕੋਟਕਪੂਰਾ ਦੇ ਸਿਵਲ ਹਸਪਤਾਲ 'ਚ ਦਾਖਲ ਕਰਵਾਇਆ ਗਿਆ। ਬੇਹੋਸ ਵਿਅਕਤੀਆਂ 'ਚੋਂ ਸੱਤਪਾਲ ਸਿੰਘ ਉਰਫ ਕੂੜਾ ਡਰਾਈਵਰ (50) ਵਾਸੀ ਟਿੱਬੀ ਸਾਹਿਬ ਰੋਡ ਜੈਤੋ ਦੀ ਮੌਤ ਹੋ ਗਈ। ਕ੍ਰਿਸ਼ਨ ਚੰਦ ਵਾਸੀ ਗੋਨਿਆਣਾ, ਦਵਿੰਦਰ ਸਿੰਘ ਵਾਸੀ ਆਕਲੀਆਂ ਤੇ ਬੀਤਾ ਸਿੰਘ ਵਾਸੀ ਜੀਦਾ ਨੂੰ ਸਿਵਲ ਹਸਪਤਾਲ ਕੋਟਕਪੂਰਾ ਤੋਂ ਇਲਾਜ ਲਈ ਮੈਡੀਕਲ ਕਾਲਜ ਫਰੀਦਕੋਟ ਵਿਖੇ ਰੈਫਰ ਕਰ ਦਿੱਤਾ ਗਿਆ।

ਪੰਜਾਬ ਦੇ ਮੌਸਮ ਨੂੰ ਲੈ ਕੇ ਹੋਈ ਵੱਡੀ ਭਵਿੱਖਬਾਣੀ, ਮੌਸਮ ਵਿਭਾਗ ਨੇ ਸਾਂਝੀ ਕੀਤੀ ਨਵੀਂ ਅਪਡੇਟ

ਜਲੰਧਰ 3 ਜੁਲਾਈ। ਦੇਸ ਦੇ ਕਈ ਹਿੱਸਿਆਂ ਵਿਚ ਮੌਸਮ ਲਗਾਤਾਰ ਕਰਵਟ ਬਦਲ ਰਿਹਾ ਹੈ। ਉੱਤਰੀ ਭਾਰਤ ਦੇ ਕਈ ਸੂਬਿਆਂ 'ਚ ਪੱਛਮੀ ਗੜਬੜੀ ਦਾ ਅਸਰ ਦੇਖਣ ਨੂੰ ਮਿਲ ਰਿਹਾ ਹੈ। ਪੰਜਾਬ ਵਿਚ ਐਤਵਾਰ ਨੂੰ ਕਈ ਥਾਈਂ ਹਲਕੀ ਬੂੰਦਾਂਬਾਂਦੀ ਦੇਖਣ ਨੂੰ ਮਿਲੀ ਜਦਕਿ ਸੋਮਵਾਰ ਵੀ ਸਵੇਰ ਤੋਂ ਕਈ ਹਿੱਸਿਆਂ ਵਿਚ ਬਦਲਵਾਈ ਛਾਈ ਰਹੀ। ਭਾਰਤੀ ਮੌਸਮ ਵਿਭਾਗ ਨੇ ਕੁਝ ਥਾਵਾਂ 'ਤੇ ਭਾਰੀ ਮੀਂਹ ਅਤੇ ਹਾਲਾਂਕਿ ਕੁਝ ਥਾਵਾਂ 'ਤੇ ਗਰਮੀ ਦੀ ਚਿਤਾਵਨੀ ਜਾਰੀ ਕੀਤੀ ਹੈ। ਵਿਭਾਗ ਨੇ 16 ਅਤੇ 17 ਅਪ੍ਰੈਲ ਨੂੰ ਪੰਜਾਬ, ਹਰਿਆਣਾ, ਚੰਡੀਗੜ੍ਹ, ਦਿੱਲੀ ਅਤੇ ਉੱਤਰ ਪ੍ਰਦੇਸ ਦੇ ਇਲਾਕਿਆਂ 'ਚ ਤੇਜ ਹਵਾਵਾਂ ਚੱਲਣ ਦੇ ਨਾਲ ਨਾਲ ਕਈ ਥਾਈਂ ਹਲਕੀ ਬੂੰਦਾਬਾਂਦੀ ਦੀ ਭਵਿੱਖਬਾਣੀ ਕੀਤੀ ਹੈ। ਜਦਕਿ ਜੰਮੂ-ਕਸਮੀ

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵਿਆਹ ਪੁਰਬ 'ਤੇ ਗੁ.ਸ੍ਰੀ ਕੰਧ ਸਾਹਿਬ 'ਚ ਰੋਜਾਨਾ ਤਿਆਰ ਹੁੰਦਾ ਕੁਇੰਟਲ ਜਲੇਬੀਆਂ ਦਾ ਲੰਗਰ

ਗੁਰਦਾਸਪੁਰ 3 ਜੁਲਾਈ। ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦਾ 536 ਵਾਂ ਵਿਆਹ ਪੁਰਬ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਮੂਹ ਸੰਗਤਾਂ ਦੇ ਸਹਿਯੋਗ ਨਾਲ 30 ਸਤੰਬਰ ਨੂੰ ਇਤਿਹਾਸਕ

ਗੁਰਦੁਆਰਾ ਕੰਧ ਸਾਹਿਬ ਬਟਾਲਾ ਵਿਖੇ ਮਨਾਇਆ ਜਾ ਰਿਹਾ ਹੈ। ਇਸ ਵਿਆਹ ਪੁਰਬ ਨੂੰ ਲੈ ਕੇ ਗੁਰਦੁਆਰਾ ਸਾਹਿਬ ਵਿਖੇ ਸਾਰੀਆਂ ਤਿਆਰੀਆਂ ਹੋ ਗਈਆਂ ਹਨ। ਇਸ ਮੌਕੇ ਗੁਰਦੁਆਰਾ ਸਾਹਿਬ ਵਿਖੇ ਕੀਤੀ ਜਾ ਰਹੀ ਸਜਾਵਟ ਆਕਰਸ਼ਣ ਦਾ ਕੇਂਦਰ ਬਣੀ ਹੋਈ ਹੈ। ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਤਿੰਨ ਦਿਨ ਤੱਕ ਚਲਣ ਵਾਲੇ ਧਾਰਮਿਕ ਜੋੜ ਮੇਲੇ ਨੂੰ ਲੈਕੇ ਬਟਾਲਾ 'ਚ ਤਿਆਰੀਆਂ ਮੁਕੰਮਲ ਕੀਤੀਆਂ ਗਈਆਂ ਹਨ। ਇਸ ਮੌਕੇ ਸੰਗਤਾਂ 'ਚ ਵੀ ਉਤਸ਼ਾਹ ਦੇਖਣ ਨੂੰ ਮਿਲ ਰਿਹਾ ਹੈ ਅਤੇ ਲੋਕ ਆਪ ਮੁਹਾਰੇ ਸੇਵਾ ਕਰ ਰਹੇ ਹਨ। ਦੱਸ ਦੇਈਏ ਕਿ ਵਿਆਹ ਪੁਰਬ ਨੂੰ ਮਨਾਉਣ ਲਈ ਧਾਰਮਿਕ ਦੀਵਾਨ ਗੁਰਦੁਆਰਾ ਸ੍ਰੀ ਕੰਧ ਸਾਹਿਬ ਗੁਰਦੁਆਰਾ ਡੇਰਾ ਸਾਹਿਬ ਵਿਖੇ ਲਗਾਏ ਜਾਂਦੇ ਹਨ। ਇਸ ਮੌਕੇ ਸੰਗਤਾਂ ਦੂਰ-ਦੂਰ ਤੋਂ ਆਉਂਦੀਆਂ ਹਨ। ਦੂਰ ਦੁਰਾਡੇ ਤੋਂ ਗੁਰਦੁਆਰਾ ਸਾਹਿਬ ਵਿਖੇ ਨਤਮਸਤਕ ਹੋਣ ਆ ਰਹੀਆਂ ਸੰਗਤ ਲਈ ਵੱਖ-ਵੱਖ ਤਰ੍ਹਾਂ ਦੇ ਲੰਗਰ ਲਗਾਏ ਜਾ ਰਹੇ ਹਨ। ਇਸ ਮੌਕੇ ਕਿਲੋ 'ਚ ਨਹੀਂ ਸਗੋਂ ਕੁਇੰਟਲਾ 'ਚ ਜਲੇਬੀਆਂ ਦੇ ਲੰਗਰ ਤਿਆਰ ਕੀਤੇ ਜਾਂਦੇ ਹਨ, ਜੋ ਲੋਕਾਂ ਦੇ ਲਈ ਖਿੱਚ ਦਾ ਕੇਂਦਰ ਹੁੰਦੇ ਹਨ। ਇਸ ਮੌਕੇ ਆਉਣ ਵਾਲੀ ਸੰਗਤ ਦੀ ਸਹੂਲਤ ਲਈ ਸੁਰੱਖਿਆ ਦੇ ਖਾਸ ਪ੍ਰਬੰਧ ਕੀਤੇ ਗਏ ਹਨ।

2 ਧਿਰਾਂ 'ਚ ਜਮੀਨੀ ਝਗੜੇ ਦੌਰਾਨ ਔਰਤ ਨੇ ਚਲਾਈ ਗੋਲੀ

ਗੁਰਦਾਸਪੁਰ 3 ਜੁਲਾਈ। ਪਿੰਡ ਆਲੇਚੱਕ 'ਚ 9 ਕਨਾਲ 7 ਮਰਲੇ ਦੀ ਜਮੀਨ ਨੂੰ ਲੈ ਕੇ 2 ਧਿਰਾਂ ਵਿਚਾਲੇ ਚੱਲ ਰਹੇ ਝਗੜੇ ਦੌਰਾਨ ਇਕ ਧਿਰ ਦੀ ਔਰਤ ਨੇ ਹਵਾਈ ਫਾਇਰਿੰਗ ਕਰ ਦਿੱਤੀ, ਜਿਸ ਤੋਂ ਬਾਅਦ ਪੁਲਸ ਵੱਲੋਂ ਔਰਤ ਸਮੇਤ 3 ਵਿਅਕਤੀਆਂ ਖਿ?ਲਾਫ ਮਾਮਲਾ ਦਰਜ ਕਰ ਲਿਆ ਹੈ। ਉੱਥੇ ਹੀ ਔਰਤ ਨੇ ਪ੍ਰੈੱਸ ਕਾਨਫਰੰਸ ਕਰਦਿਆਂ ਦੋਸ਼ ਲਾਏ ਕਿ ਇਹ ਜਮੀਨ ਉਸ ਦੇ ਸਵਰਗਵਾਸੀ ਪਤੀ ਕਰਨਲ ਦੇ ਨਾਂ ਸੀ, ਜਿਸ ਵਿੱਚ ਉਹ ਲੰਬੇ ਸਮੇਂ ਤੋਂ ਖੇਤੀ ਕਰ ਰਹੀ ਹੈ। ਇਸ ਜਮੀਨ ਦਾ ਮਾਣਯੋਗ ਅਦਾਲਤ ਵਿੱਚ ਕੇਸ ਵੀ ਚੱਲ ਰਿਹਾ ਹੈ ਅਤੇ ਅਦਾਲਤ ਨੇ ਉਨ੍ਹਾਂ ਨੂੰ ਲਿਖਤੀ ਹੁਕਮ ਕੀਤੇ ਹਨ ਕਿ ਜਿੰਨਾ ਚਿਰ ਇਸ ਜਮੀਨ ਦੀ ਕੋਈ ਸੁਣਵਾਈ ਨਹੀਂ ਹੁੰਦੀ, ਇਸ ਜਮੀਨ 'ਤੇ ਉਹ ਖੇਤੀ ਕਰ ਸਕਦੇ ਹਨ ਪਰ ਬੀਤੇ ਕੱਲ੍ਹ ਜਦੋਂ ਉਹ ਜਮੀਨ ਵਾਹ ਰਹੇ ਸਨ ਤਾਂ ਦੂਜੀ ਧਿਰ ਨੇ ਉਸ ਉਪਰ ਹਮਲਾ ਕਰ ਦਿੱਤਾ। ਉਨ੍ਹਾਂ ਦਾ ਟਰੈਕਟਰ ਛੱਪੜ 'ਚ ਸੁੱਟ ਦਿੱਤਾ ਤੇ ਆਪਣੀ ਜਾਨ ਬਚਾਉਣ ਲਈ ਉਨ੍ਹਾਂ ਨੂੰ ਫਾਇਰਿੰਗ ਕਰਨੀ ਪਈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਮ੍ਰਿਤਕ ਕਰਨਲ ਦੀ ਪਤਨੀ ਜਸਪ੍ਰੀਤ ਕੌਰ ਨੇ ਦੱਸਿਆ ਕਿ ਪੁਲਸ ਨੇ ਦੂਜੀ ਧਿਰ ਦੇ ਕਿਸੇ ਵੀ ਵਿਅਕਤੀ 'ਤੇ ਕੋਈ ਕਾਰਵਾਈ ਨਹੀਂ ਕੀਤੀ ਸਗੋਂ ਉਸ ਉਪਰ ਤੇ ਉਸ ਦੇ ਭਰਵਾਂ 'ਤੇ ਝੂਠਾ ਮਾਮਲਾ ਦਰਜ ਕੀਤਾ ਹੈ। ਔਰਤ ਦੇ ਭਰਾ ਗੁਰਪੇਜ ਸਿੰਘ ਨੇ ਵੀ ਦੱਸਿਆ ਕਿ ਜਦੋਂ ਇਹ ਝਗੜਾ ਹੋਇਆ ਸੀ ਤਾਂ ਉਹ ਡਿਊਟੀ 'ਤੇ ਸੀ। ਘਰ 'ਚ ਮੌਜੂਦ ਨਾ ਹੋਣ ਦੇ ਬਾਵਜੂਦ ਉਸ ਉੱਪਰ ਜਾਣਬੁਝ ਕੇ ਝੂਠਾ ਪਰਚਾ

ਦਰਜ ਕੀਤਾ ਗਿਆ। ਇਸ ਲਈ ਉਨ੍ਹਾਂ ਮੰਗ ਕੀਤੀ ਕਿ ਇਸ ਪਰਚੇ ਨੂੰ ਰੱਦ ਕੀਤਾ ਜਾਵੇ ਅਤੇ ਉਨ੍ਹਾਂ ਨੂੰ ਇਨਸਾਫ ਦਿੱਤਾ ਜਾਵੇ। ਇਸ ਸਬੰਧੀ ਦੂਜੀ ਧਿਰ ਨਾਲ ਸਬੰਧਤ ਨੌਜਵਾਨ ਮੇਜਰ ਸਿੰਘ ਨੇ ਦੱਸਿਆ ਕਿ ਇਹ ਜਮੀਨ ਉਨ੍ਹਾਂ ਨੇ ਖਰੀਦੀ ਹੈ, ਜਿਸ ਦੀ ਰਜਿਸਟਰੀ, ਇੰਤਕਾਲ ਆਦਿ ਸਭ ਉਨ੍ਹਾਂ ਦੇ ਨਾਂ ਹੋ ਚੁੱਕਾ ਹੈ। ਉਨ੍ਹਾਂ ਨੇ ਕੁਝ ਮਹੀਨੇ ਪਹਿਲਾਂ ਇਸ ਜਮੀਨ 'ਤੇ ਪੱਠੇ ਬੀਜੇ ਹੋਏ ਸਨ ਪਰ ਇਸ ਔਰਤ ਨੇ ਬੀਤੀ ਕੱਲ੍ਹ ਜਮੀਨ ਨੂੰ ਟਰੈਕਟਰ ਲਿਆ ਕੇ ਵਾਹ ਦਿੱਤਾ, ਜਦੋਂ ਇਨ੍ਹਾਂ ਨੂੰ ਰੋਕਣ ਦੀ ਕੋਸ਼?ਸ਼ ਕੀਤੀ ਗਈ ਤਾਂ ਇਨ੍ਹਾਂ ਦੇ ਬੰਦਿਆਂ ਨੇ ਸਾਡੇ 'ਤੇ ਹਮਲਾ ਕਰ ਦਿੱਤਾ। ਇਸ ਔਰਤ ਨੇ ਸਾਡੇ ਉੱਪਰ ਫਾਇਰਿੰਗ ਕਰ ਦਿੱਤੀ ਤੇ ਸਾਨੂੰ ਭੱਜ ਕੇ ਜਾਣ ਬਚਾਉਣੀ ਪਈ ਪਰ ਪੁਲਸ ਨੇ ਇਸ ਔਰਤ 'ਤੇ ਇਰਾਦਾ ਕਤਲ ਦੀ ਧਾਰਾ ਨਹੀਂ ਲਗਾਈ। ਉਨ੍ਹਾਂ ਮੰਗ ਕੀਤੀ ਕਿ ਇਸ ਔਰਤ 'ਤੇ ਇਰਾਦਾ ਕਤਲ ਦੀ ਧਾਰਾ ਲਗਾਈ ਜਾਵੇ ਅਤੇ ਉਨ੍ਹਾਂ ਨੂੰ ਇਨਸਾਫ ਦਿੱਤਾ ਜਾਵੇ। ਇਸ ਸਬੰਧੀ ਥਾਣਾ ਸਦਰ ਦੇ ਐੱਸਐੱਚਓ ਅਮਨਦੀਪ ਸਿੰਘ ਨੇ ਕਿਹਾ ਕਿ ਉਨ੍ਹਾਂ ਨੂੰ ਸੂਚਨਾ ਮਿਲੀ ਸੀ ਕਿ ਜਮੀਨੀ ਵਿਵਾਦ ਨੂੰ ਲੈ ਕੇ 2 ਧਿਰਾਂ ਵਿਚਾਲੇ ਝਗੜਾ ਹੋਇਆ ਸੀ ਅਤੇ ਇਕ ਧਿਰ ਦੀ ਔਰਤ ਵੱਲੋਂ ਫਾਇਰਿੰਗ ਕੀਤੀ ਗਈ ਹੈ। ਮੌਕੇ 'ਤੇ ਪਹੁੰਚ ਕੇ ਝਗੜੇ ਨੂੰ ਖਤਮ ਕਰਵਾਇਆ ਗਿਆ ਅਤੇ ਔਰਤ ਸਮੇਤ ਉਸ ਦੇ ਭਰਾਵਾਂ 'ਤੇ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ ਉਨ੍ਹਾਂ ਕਿਹਾ ਕਿ ਜੇਕਰ ਉਸ ਦੇ ਭਰਾਵਾਂ 'ਤੇ ਗਲਤ ਪਰਚਾ ਦਰਜ ਹੋਇਆ ਹੈ ਤਾਂ ਉਸ ਦੀ ਜਾਂਚ ਕੀਤੀ ਜਾਏਗੀ।

ਲੁਧਿਆਣਾ ਨਗਰ ਨਿਗਮ ਨੇ ਸ਼ੁਰੂ ਕੀਤਾ ਫਲੱਡ ਕੰਟਰੋਲ ਰੂਮ, ਮੁਲਾਜਮਾਂ ਨੂੰ ਨਹੀਂ ਮਿਲੇਗੀ ਛੁੱਟੀ

ਲੁਧਿਆਣਾ 3 ਜੁਲਾਈ। ਮਹਾਂਨਗਰ 'ਚ ਭਾਰੀ ਮੀਂਹ ਤੋਂ ਬਾਅਦ ਪਾਣੀ ਦੀ ਨਿਕਾਸੀ ਨਾ ਹੋਣ ਦੀ ਸਮੱਸਿਆ ਦਾ ਹੱਲ ਕਰਨ ਲਈ ਨਗਰ ਨਿਗਮ ਵੱਲੋਂ ਫਲੱਡ ਕੰਟਰੋਲ ਰੂਮ ਸ਼ੁਰੂ ਕੀਤਾ ਗਿਆ ਹੈ। ਇਸ ਲਈ ਕਮਿਸ਼ਨਰ ਸ਼ੇਨਾ ਅਗਰਵਾਲ ਵੱਲੋਂ ਬੀ. ਐਂਡ ਆਰ. ਬ੍ਰਾਂਚ, ਓ. ਐਂਡ ਐੱਮ. ਸੇਲ ਅਤੇ ਹੈਲਥ ਬ੍ਰਾਂਚ ਦੇ ਮੁਲਾਜਮਾਂ ਦੀ ਡਿਊਟੀ ਲਾਈ ਗਈ ਹੈ। ਇਨ੍ਹਾਂ ਮੁਲਾਜਮਾਂ ਨੂੰ ਪਾਣੀ ਦੀ ਨਿਕਾਸੀ ਨਾ ਹੋਣ ਦੀ ਸ਼ਿਕਾਇਤ ਮਿਲਣ 'ਤੇ ਫੀਲਡ 'ਚ ਉਤਰ ਕੇ ਸਮੱਸਿਆ ਦਾ ਹੱਲ ਕਰਨ ਦੀ ਜ?ਿਮੇਵਾਰੀ ਦਿੱਤੀ ਗਈ ਹੈ। ਇਸ ਲਈ ਉਨ੍ਹਾਂ ਨੂੰ ਵੱਖਰੇ ਤੌਰ 'ਤੇ ਜੇ. ਸੀ. ਬੀ., ਟਿੱਪਰ, ਟਰੈਕਟਰ, ਟਰਾਲੀ ਆਦਿ ਮਸ਼ੀਨਰੀ ਵੀ ਅਲਾਟ ਕੀਤੀ ਗਈ ਹੈ। ਇਸ ਤੋਂ ਇਲਾਵਾ ਕਮਿਸ਼ਨਰ ਵੱਲੋਂ ਐੱਸ. ਈ., ਐਕਸੀਅਨ, ਹੈਲਥ ਅਫਸਰ, ਸੈਨੇਟਰੀ ਇੰਸਪੈਕਟਰ, ਏ. ਟੀ. ਪੀ. ਪੱਧਰ ਦੇ ਅਧਿਕਾਰੀਆਂ ਦੇ ਸਟੇਸ਼ਨ ਛੱਡਣ 'ਤੇ ਰੋਕ ਲਾ ਦਿੱਤੀ ਗਈ ਹੈ।

ਕੁਝ ਦਿਨਾਂ ਦੀਆਂ ਬਰਸਾਤਾਂ ਨੇ 247 ਕਰੋੜ ਦੀ ਲਾਗਤ ਨਾਲ ਬਣੇ ਪੁੱਲ ਦੀ ਖੋਲ੍ਹੀ ਪੋਲ

ਮੁੰਬਈ 3 ਜੁਲਾਈ। ਤਿੰਨ ਮਹੀਨੇ ਪਹਿਲਾਂ ਸ਼ੁਰੂ ਹੋਏ ਪੱਛਮੀ ਐਕਸਪ੍ਰੈਸ ਹਾਈਵੇਅ ਨੂੰ ਅਹਿਮਦਾਬਾਦ ਹਾਈਵੇਅ ਨਾਲ ਜੋੜਨ ਵਾਲੇ ਫਲਾਈਓਵਰ ਨੇ ਉਸਾਰੀ ਦੇ ਘਟੀਆ ਕੰਮ ਦਾ ਪਰਦਾਫਾਸ ਕਰ ਦਿੱਤਾ ਹੈ। ਨੈਸਨਲ ਹਾਈਵੇਅ ਅਥਾਰਟੀ ਆਫ ਇੰਡੀਆ (ਐਨ.ਐਚ.ਏ.ਆਈ.) ਦੁਆਰਾ ਬਣਾਏ ਗਏ 247 ਕਰੋੜ ਰੁਪਏ ਦੀ ਲਾਗਤ ਵਾਲੇ ਇਸ ਪੁਲ ਵਿੱਚ ਕੁਝ ਦਿਨਾਂ ਦੀ ਬਰਸਾਤ ਨਾਲ ਟੋਏ ਪੈ ਗਏ ਹਨ, ਜਿਸ ਨਾਲ ਵਾਹਨ ਚਾਲਕਾਂ ਅਤੇ ਖਾਸ ਤੌਰ 'ਤੇ ਦੋਪਹੀਆ ਵਾਹਨ ਸਵਾਰਾਂ ਦੀ ਜਾਨ ਨੂੰ ਖਤਰਾ ਪੈਦਾ ਹੋ ਗਿਆ ਹੈ। ਯਾਤਰੀਆਂ ਦੀਆਂ ਸਾਲਾਂ ਦੀਆਂ ਮੰਗਾਂ ਤੋਂ ਬਾਅਦ 27 ਮਾਰਚ ਨੂੰ ਆਵਾਜਾਈ ਲਈ ਇਸ ਨੂੰ ਖੋਲ੍ਹਿਆ ਗਿਆ ਸੀ। ਸਿਰਫ ਚਾਰ ਦਿਨਾਂ ਦੀ ਬਰਸਾਤ ਦੇ ਕਾਰਨ ਉਸਾਰੀ ਦੇ ਘਟੀਆ ਕੰਮ ਦਾ ਪਰਦਾਫਾਸ ਕਰ ਦਿੱਤਾ ਹੈ। ਨੈਸਨਲ ਹਾਈਵੇਅ ਅਥਾਰਟੀ ਆਫ ਇੰਡੀਆ

(ਐਨ.ਐਚ.ਏ.ਆਈ.) ਦੁਆਰਾ ਬਣਾਏ ਗਏ 247 ਕਰੋੜ ਰੁਪਏ ਦੀ ਲਾਗਤ ਵਾਲੇ ਇਸ ਪੁਲ ਵਿੱਚ ਟੋਏ ਪੈ ਗਏ ਹਨ। ਇਸ ਪੱਤਰਕਾਰ ਨੇ ਮੰਗਲਵਾਰ ਨੂੰ ਮੁੰਬਈ-ਅਹਿਮਦਾਬਾਦ ਹਾਈਵੇਅ ਦੇ ਆਰਟੀਰੀਅਲ ਫੋਰ-ਲੇਨ ਪੁਲ 'ਤੇ ਯਾਤਰਾ ਕਰਦੇ ਸਮੇਂ ਕਈ ਟੋਏ ਦੇਖੇ। ਯਾਤਰੀਆਂ ਨੇ ਦੱਸਿਆ ਕਿ ਸਨੀਵਾਰ ਨੂੰ ਮਾਨਸੂਨ ਦੇ ਆਉਣ ਤੋਂ ਬਾਅਦ ਬਿਲਕੁਲ ਨਵੇਂ ਟੋਏ ਬਣ ਗਏ ਹਨ। ਜ?ਿਕਰਯੋਗ ਹੈ ਕਿ ਮੁੰਬਈ ਅਤੇ ਠਾਣੇ ਤੋਂ ਆਉਣ ਵਾਲੇ ਅਤੇ ਮੁੰਬਈ-ਅਹਿਮਦਾਬਾਦ ਹਾਈਵੇਅ 'ਤੇ ਵਸਈ-ਗੁਜਰਾਤ ਵੱਲ ਜਾਣ ਵਾਲੇ ਵਾਹਨਾਂ ਦੀ ਆਵਾਜਾਈ ਲਈ ਕੇਂਦਰ ਸਰਕਾਰ ਦੀ ਨੈਸਨਲ ਹਾਈਵੇਅ ਅਥਾਰਟੀ ਵੱਲੋਂ ਘੋੜਬੰਦਰ ਵਿਖੇ ਵਰਸੋਵਾ ਖਾੜੀ 'ਤੇ ਚਾਰ ਮਾਰਗੀ ਪੁਲ ਬਣਾਇਆ ਗਿਆ ਹੈ। ਕਰੀਬ 247 ਕਰੋੜ ਰੁਪਏ ਦੀ ਲਾਗਤ ਨਾਲ ਬਣੇ ਇਸ ਨਵੇਂ ਬਣੇ ਵਰਸੋਵਾ ਪੁਲ ਨੂੰ 28 ਮਾਰਚ ਨੂੰ ਵਾਹਨਾਂ ਲਈ ਖੋਲ੍ਹ ਦਿੱਤਾ ਗਿਆ ਸੀ। ਵਸਈ ਦੇ ਵੇਲਕਰ ਪੈਟਰੋਲ ਪੰਪ ਤੋਂ ਸਾਸੂਨਾਵਗੜ੍ਹ ਤੱਕ ਢਾਈ ਕਿਲੋਮੀਟਰ ਲੰਬੇ ਇਸ ਪੁਲ ਨੂੰ ਬਣਿਆਂ ਤਿੰਨ ਮਹੀਨੇ ਤੋਂ ਵੀ ਘੱਟ ਸਮਾਂ ਹੋਇਆ ਹੈ, ਜਦੋਂਕਿ ਪਹਿਲੀ ਬਰਸਾਤ ਵਿੱਚ ਹੀ ਪੁਲ 'ਤੇ ਵੱਡੇ-ਵੱਡੇ ਟੋਏ ਪੈ ਗਏ ਹਨ। ਉਪਰੋਕਤ ਪੁਲ 'ਤੇ ਵਾਹਨਾਂ ਦੀ ਕਾਫੀ ਆਵਾਜਾਈ ਰਹਿੰਦੀ ਹੈ, ਅਜਿਹੇ 'ਚ ਵੱਡੇ-ਵੱਡੇ ਟੋਏ ਬਣ ਜਾਣ ਕਾਰਨ ਹਾਦਸੇ ਅਤੇ ਜਾਨੀ ਨੁਕਸਾਨ ਹੋਣ ਦਾ ਡਰ ਬਣਿਆ ਰਹਿੰਦਾ ਹੈ . ਅਜਿਹੇ ਵਿੱਚ ਇਸ ਨਵੇਂ ਬਣੇ ਪੁਲ ਦੀ ਗੁਣਵੱਤਾ ਨੂੰ ਲੈ ਕੇ ਚਾਰੇ ਪਾਸੇ ਆਲੋਚਨਾ ਹੋਈ ਹੈ। ਲੋਕਾਂ ਨੇ ਇਸ 'ਤੇ ਨਾਰਾਜਗੀ ਜਾਹਰ ਕਰਦਿਆਂ ਪੁਲ 'ਤੇ ਪਏ ਇਨ੍ਹਾਂ ਟੋਇਆਂ ਨੂੰ ਪੁੱਟਣ ਸਬੰਧੀ ਕੰਮ ਦੀ ਜਾਂਚ ਕਰਕੇ ਤੁਰੰਤ ਕਾਰਵਾਈ ਕਰਨ ਦੀ ਮੰਗ ਕੀਤੀ ਹੈ। ਇਸ ਤੋਂ ਪਹਿਲਾਂ ਵੀ ਸੰਸਦ ਮੈਂਬਰ ਰਾਜਨ ਵਿਚਾਰੇ ਅਤੇ ਸੰਸਦ ਮੈਂਬਰ ਰਾਜਿੰਦਰ ਗਾਵਿਤ ਸਮੇਤ ਕਈ ਪਾਰਟੀਆਂ ਦੇ ਆਗੂਆਂ ਨੇ ਪੁਲ ਦੀ ਉਸਾਰੀ ਦੀ ਗੁਣਵੱਤਾ 'ਤੇ ਸਵਾਲ ਉਠਾਏ ਸਨ।

ਪੰਜਾਬ ਦੇ ਲੱਖਾਂ ਰਾਸ਼ਨ ਕਾਰਡ ਧਾਰਕਾਂ ਲਈ ਬੁਰੀ ਖਬਰ, ਹੁਣ ਨਹੀਂ ਮਿਲੇਗਾ ਮੁਫਤ ਅਨਾਜ

ਚੰਡੀਗੜ੍ਹ 3 ਜੁਲਾਈ। ਪੰਜਾਬ ਸਰਕਾਰ ਵੱਲੋਂ ਸੂਬੇ ਭਰ 'ਚ ਸਮਾਰਟ ਰਾਸ਼ਨ ਕਾਰਡ ਸਕੀਮ ਤਹਿਤ 2.86 ਲੱਖ ਰਾਸ਼ਨ ਕਾਰਡ ਰੱਦ ਕਰ ਦਿੱਤੇ ਗਏ ਹਨ। ਇਸ ਤਰ੍ਹਾਂ ਹੁਣ ਲੱਖਾਂ ਅਯੋਗ ਸ਼ਨਾਖਤ ਕੀਤੇ ਗਏ ਰਾਸ਼ਨ ਕਾਰਡ ਦੇ ਲਾਭਪਾਤਰੀਆਂ ਨੂੰ ਮੁਫਤ ਅਨਾਜ ਮਿਲਣਾ ਬੰਦ ਹੋ ਗਿਆ ਹੈ। ਪੰਜਾਬ ਸਰਕਾਰ ਦੇ ਖੁਰਾਕ ਤੇ ਸਪਲਾਈ ਵਿਭਾਗ ਨੇ ਸਤੰਬਰ, 2022 'ਚ ਕਰੀਬ 40 ਲੱਖ ਰਾਸ਼ਨ ਕਾਰਡਾਂ ਦੀ ਪੜਤਾਲ ਦਾ ਕੰਮ ਸ਼ੁਰੂ ਕੀਤਾ ਸੀ। ਹੁਣ ਤੱਕ ਪੜਤਾਲ ਦਾ ਕਰੀਬ 93 ਫੀਸਦੀ ਕੰਮ ਮੁਕੰਮਲ ਹੋ ਚੁੱਕਿਆ ਹੈ। ਪੰਜਾਬ 'ਚ ਇਨ੍ਹੀਂ ਦਿਨੀਂ ਅਪ੍ਰੈਲ ਤੋਂ ਜੂਨ ਮਹੀਨੇ ਦੀ ਮੁਫਤ ਕਣਕ ਵੰਡੀ ਜਾ ਰਹੀ ਹੈ। ਕੇਂਦਰ ਸਰਕਾਰ ਵੱਲੋਂ ਇਹ ਰਾਸ਼ਨ ਹੁਣ ਮੁਫਤ ਦਿੱਤਾ ਜਾਂਦਾ ਹੈ, ਜਦੋਂ ਕਿ ਪਹਿਲਾਂ 2 ਰੁਪਏ ਪ੍ਰਤੀ ਕਿੱਲੋ

ਹਿਸਾਬ ਨਾਲ ਕਣਕ ਦਿੱਤੀ ਜਾਂਦੀ ਸੀ। ਇਸ ਨਾਲ ਪਹਿਲੀ ਜਨਵਰੀ ਤੋਂ ਦਸੰਬਰ ਤੱਕ ਇਹ ਅਨਾਜ ਮੁਫਤ ਹੀ ਦਿੱਤਾ ਜਾਣਾ ਹੈ। ਪੰਜਾਬ 'ਚ ਇਸ ਵਾਲੇ 30 ਲੱਖ ਦੇ ਕਰੀਬ ਕੁੱਲ ਰਾਸ਼ਨ ਕਾਰਡ ਹਨ।

ਕਰਿਆਨਾ ਸਟੋਰ ਮਾਲਕ ਦੇ ਕਾਤਲ ਨੂੰ ਨਸ਼ਾ ਸਪਲਾਈ ਕਰਨ ਵਾਲੇ ਬੰਟੀ ਦੇ 2 ਦੋਸਤ ਹੈਰੋਇਨ ਸਣੇ ਗ੍ਰਿਫਤਾਰ

ਜਲੰਧਰ 3 ਜੁਲਾਈ। ਥਾਣਾ ਬਸਤੀ ਬਾਵਾ ਖੇਲ ਦੀ ਪੁਲਸ ਨੇ 20 ਗ੍ਰਾਮ ਨਸ਼ੇ ਵਾਲੇ ਪਾਊਡਰ ਅਤੇ 60 ਗ੍ਰਾਮ ਹੈਰੋਇਨ ਸਮੇਤ 2 ਮੁਲਜਮਾਂ ਨੂੰ ਗ੍ਰਿਫਤਾਰ ਕਰ ਲਿਆ ਹੈ। ਦੋਵੇਂ ਮੁਲਜਮ ਬਸਤੀ ਗੁਜਾਂ ਮੋਨ ਬਾਜਾਰ ਸਥਿਤ ਕਰਿਆਨਾ ਦੁਕਾਨਦਾਰ ਪਰਮਜੀਤ ਅਰੋੜਾ ਨੂੰ ਲੁੱਟਣ ਤੋਂ ਬਾਅਦ ਕਤਲ ਕਰਨ ਵਾਲੇ ਲਵਪ੍ਰੀਤ ਨੂੰ ਨਸ਼ਾ ਸਪਲਾਈ ਕਰਨ ਵਾਲੇ ਚਿੱਟਾ ਸਮੱਗਲਰ ਬੰਟੀ ਦੇ ਦੋਸਤ ਹਨ। ਪੁਲਸ ਨੇ ਦੋਵਾਂ ਨੂੰ ਉਨ੍ਹਾਂ ਦੇ ਘਰ ਵਿਚੋਂ ਸੁੱਤੇ ਹੋਇਆਂ ਨੂੰ ਰੇਡ ਦੌਰਾਨ ਗ੍ਰਿਫਤਾਰ ਕੀਤਾ ਕਿਉਂਕਿ ਦੋਵਾਂ ਸਮੱਗਲਰਾਂ ਦਾ ਨਾਂ ਬੰਟੀ ਨੇ ਪੁੱਛਗਿੱਛ ਵਿਚ ਲਿਆ ਸੀ। ਮਾਮਲੇ ਨੂੰ ਲੈ ਕੇ ਪੁਲਸ ਨੇ ਕੇਸ ਦਰਜ ਕਰਨ ਉਪਰੰਤ ਜਾਂਚ ਸ਼ੁਰੂ ਕਰ ਦਿੱਤੀ ਹੈ। ਐੱਸ. ਐੱਚ. ਓ. ਕਮਲਜੀਤ ਸਿੰਘ ਨੇ ਦੱਸਿਆ ਕਿ ਬੀਤੇ ਦਿਨੀਂ ਚਿੱਟਾ ਸਮੱਗਲਰ ਬੰਟੀ

ਜਿਸ 'ਤੇ ਪਹਿਲਾਂ ਵੀ ਕਈ ਕੇਸ ਦਰਜ ਹਨ, ਨੂੰ ਗ੍ਰਿਫਤਾਰ ਕੀਤਾ ਤਾਂ ਪਤਾ ਲੱਗਾ ਕਿ ਬੰਟੀ ਦੇ ਕਈ ਦੋਸਤ ਅਤੇ ਕਰਿੰਦੇ ਉਸ ਕੋਲੋਂ ਚਿੱਟਾ ਲੈ ਕੇ ਅੱਗੇ ਵੇਚਦੇ ਹਨ। ਇਸੇ ਕੜੀ ਤਹਿਤ ਪੁਲਸ ਨੇ ਬੰਟੀ ਦੇ ਦੋਸਤ ਬਸਤੀ ਗੁਜਾਂ ਦੇ ਭਗਵਾਨ ਵਾਲਮੀਕਿ ਮੁਹੱਲਾ ਨਿਵਾਸੀ ਮਨੀ ਸੱਭਰਵਾਲ ਅਤੇ ਬਸਤੀ ਸ਼ੇਖ ਨਿਵਾਸੀ ਅਮਰ ਪੁੱਤਰ ਵਿਜੇ ਕੁਮਾਰ ਨੂੰ ਗ੍ਰਿਫਤਾਰ ਕਰ ਲਿਆ। ਦੋਵਾਂ ਦੇ ਘਰ ਜਦੋਂ ਰੇਡ ਕੀਤੀ ਗਈ ਤਾਂ ਉਸ ਸਮੇਂ ਉਹ ਸੌਂ ਰਹੇ ਸਨ ਅਤੇ ਉਨ੍ਹਾਂ ਦੇ ਬੈੱਡ 'ਤੇ ਪਏ ਸਿਰਹਾਣੇ ਹੇਠੋਂ ਉਕਤ ਹੈਰੋਇਨ ਬਰਾਮਦ ਹੋਈ। ਮੁਲਜਮ ਮਨੀ ਦੇ ਘਰ ਵਿਚੋਂ 35 ਗ੍ਰਾਮ ਹੈਰੋਇਨ ਅਤੇ 10 ਗ੍ਰਾਮ ਨਸ਼ੇ ਵਾਲਾ ਪਾਊਡਰ, ਜਦੋਂ ਕਿ ਅਮਰ ਦੇ ਘਰ ਵਿਚੋਂ 25 ਗ੍ਰਾਮ ਹੈਰੋਇਨ ਅਤੇ 10 ਗ੍ਰਾਮ ਨਸ਼ੇ ਵਾਲਾ ਪਾਊਡਰ ਬਰਾਮਦ ਹੋਇਆ। ਪੁਲਸ ਨੇ ਤੁਰੰਤ ਉਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ। ਪੁਲਸ ਇਸ ਐਂਗਲ ਤੋਂ ਜਾਂਚ ਕਰ ਰਹੀ ਹੈ ਕਿ ਉਕਤ ਚਿੱਟਾ ਸਮੱਗਲਰਾਂ ਦੀ ਚੇਨ ਵਿਚ ਹੋਰ ਕਿੰਨੇ ਸਮੱਗਲਰ ਸ਼ਾਮਲ ਹਨ ਤਾਂ ਕਿ ਸਾਰੀ ਸਪਲਾਈ ਚੇਨ ਨੂੰ ਤੋੜਿਆ

ਪੰਜਾਬ ਦੇ ਪੰਛੀ

ਬੱਚਿਓ! ਇਸ ਦੁਨੀਆ 'ਤੇ ਅਨੇਕਾਂ ਜੀਵ-ਜੰਤੂਆਂ ਦਾ ਨਿਵਾਸ ਹੈ, ਜਿਨ੍ਹਾਂ 'ਚੋਂ ਕੁਝ ਲੋਪ ਹੋ ਚੁੱਕੇ ਹਨ। ਆਓ, ਅਸੀਂ ਤੁਹਾਨੂੰ ਪੰਛੀਆਂ ਬਾਰੇ ਦੱਸੀਏ...

ਕਾਲੀ ਤਾਹਰੀ

black bellied tern/ sterna acuticauda

ਲੰਬਾਈ 33 ਸੈਂਟੀਮੀਟਰ

ਇਸ ਪੰਛੀ ਦਾ ਸਿਰ ਕਾਲਾ ਹੁੰਦਾ ਹੈ। ਉਪਰੋਂ ਸਾਰਾ ਬੱਦਲਈ ਰੰਗ ਦਾ ਹੁੰਦਾ ਹੈ, ਜਿਸ ਵਿਚ ਭੂਰੀ ਭਾਅ ਹੁੰਦੀ ਹੈ। ਇਹ ਬੱਦਲਈ ਰੰਗ ਪੂੰਛੇ ਵੱਲ ਨੂੰ ਹੋਰ ਫਿੱਕਾ ਹੁੰਦਾ ਜਾਂਦਾ ਹੈ। ਪੂੰਛਾ ਡੂੰਘੀ ਦੁਸਾਂਗੜ ਵਾਲਾ ਹੁੰਦਾ ਹੈ। ਠੋਡੀ ਅਤੇ ਗਲਾ ਚਿੱਟਾ ਅਤੇ ਧੌਣ ਤੋਂ ਭੂਰਾ ਰੰਗ ਸ਼ੁਰੂ ਹੋ ਕੇ ਢਿੱਡ ਤਕ ਕਾਲਾ ਸ਼ਾਹ ਹੋ ਜਾਂਦਾ ਹੈ। ਸੰਤਾਨ ਉਤਪਤੀ ਦੇ ਦਿਨਾਂ ਤੋਂ ਬਾਅਦ ਇਸ ਦੀ ਕਾਲੀ ਟੋਪੀ ਅਤੇ ਹੇਠਲਾ ਕਾਲਾ ਰੰਗ ਮਿੱਟ ਜਾਂਦਾ ਹੈ। ਸਿਰ ਤੇ ਮਾੜੀਆਂ ਜਿਹੀਆਂ ਫਿੱਕੀਆਂ ਧਾਰੀਆਂ ਰਹਿ ਜਾਂਦੀਆਂ ਹਨ। ਅੱਖਾਂ ਭੂਰੇ ਰੰਗ ਦੀਆਂ ਹੁੰਦੀਆਂ ਹਨ। ਚੁੰਝ ਸੰਤਰੀ ਪੀਲੀ ਅਤੇ ਪੌਂਹਚੇ ਸੰਤਰੀ ਲਾਲ ਰੰਗ ਦੇ ਹੁੰਦੇ ਹਨ। ਜੋੜਾ ਇਕੋ ਜਿਹਾ ਹੁੰਦਾ ਹੈ। ਇਸ ਦੀਆਂ ਆਦਤਾਂ ਦਰਿਆਈ ਤਾਹਰੀ ਦੀ ਤਰ੍ਹਾਂ ਹੁੰਦੀਆਂ ਹਨ। ਇਹ ਇਕੱਠੀਆਂ ਜਾਂ ਦੋ ਚਾਰ ਦੀਆਂ ਟੋਲੀਆਂ 'ਚ ਦਰਿਆਵਾਂ ਜਾਂ ਝੀਲਾਂ 'ਤੇ ਮੱਛੀਆਂ ਦੇ ਸ਼ਿਕਾਰ ਲਈ ਉੱਡਦੀਆਂ ਆਮ ਦੇਖੀਆਂ ਜਾ ਸਕਦੀਆਂ ਹਨ।

• **ਰਾਜਪਾਲ ਸਿੰਘ ਸਿੱਧੂ**

ਬਾਲ-ਸਿਰਜਣਾ

'ਨਿੱਕੀ ਦੁਨੀਆ' ਟੀਮ ਵੱਲੋਂ ਬੱਚਿਆਂ 'ਚ ਸਿਰਜਣਾਤਮਕ ਰੁਚੀ ਪੈਦਾ ਕਰਨ ਲਈ ਇਕ ਨਵਾਂ ਕਾਲਮ ਸ਼ੁਰੂ ਕੀਤਾ ਜਾ ਰਿਹਾ ਹੈ। ਇਸ ਵਿਚ ਬੱਚੇ ਆਪਣੀਆਂ ਮੌਲਿਕ ਰਚਨਾਵਾਂ, ਲੇਖ, ਚੁਟਕਲੇ, ਕਹਾਣੀਆਂ ਅਤੇ ਕਵਿਤਾਵਾਂ ਭੇਜ ਸਕਦੇ ਹੋ। ਉਮੀਦ ਹੈ ਕਿ ਤੁਸੀ ਸਾਰੇ ਬੱਚੇ ਇਸ ਕਾਲਮ 'ਚ ਆਪਣੇ ਭਰਪੂਰ ਯੋਗਦਾਨ ਦਿਓਗੇ। ਤੁਸੀ ਆਪਣੀਆਂ ਲਿਖਤਾਂ ਸਾਨੂੰ ਆਪਣੀ ਪੂਰੇ ਪਤੇ ਅਤੇ ਫੋਟੋ ਸਮੇਤ ਹੇਠ ਲਿਖੇ ਪਤੇ 'ਤੇ ਭੇਜ ਸਕਦੇ ਹੋ।

ਸਾਡਾ ਪਤਾ ਹੈ-
ਸੀ-120 ਫੋਕਲ ਪੁਆਇੰਟ ਐਕਸਟੈਂਸ਼ਨ, ਜਲੰਧਰ

ਤੇ ਤੁਸੀਂ ਸਾਨੂੰ ਈਮੇਲ ਵੀ ਕਰ ਸਕਦੇ ਹੋ।
ਸਾਡਾ ਈਮੇਲ ਹੈ :
editormail@punjabi.jagran.com

ਐਡੀਸਨ ਨੂੰ ਸਕੂਲ ਵੱਲੋਂ ਇਹ ਕਹਿ ਕੇ ਕੱਢ ਦਿੱਤਾ ਸੀ ਕਿ ਇਹ ਨਾ ਤਾਂ ਸਮੇਂ ਸਿਰ ਸਕੂਲ ਫ਼ੀਸ ਦੇ ਸਕਿਆ ਤੇ ਪੜ੍ਹਾਈ 'ਚ ਵੀ ਕਮਜ਼ੋਰ ਤੇ ਬੁੱਧੀਹੀਣ ਹੈ। ਬਾਅਦ 'ਚ ਇਸ ਨੇ ਛੋਟੀ ਉਮਰ 'ਚ ਬਿਜਲੀ ਦੇ ਬਲਬ ਦੀ ਖੋਜ ਕੀਤੀ ਸੀ...

ਮਹਾਨ ਵਿਗਿਆਨੀ ਤੇ ਵਿਚਾਰਕ
ਥਾਮਸ.ਏ. ਐਡੀਸਨ

ਪਿਆਰੇ ਬੱਚਿਓ! ਕੀ ਤੁਸੀਂ ਜਾਣਦੇ ਹੋ ਕਿ ਜਿਸ ਨੂੰ ਇਕ ਵਿਦਿਆਲਾ ਗਿਆਨ ਦੀ ਰੋਸ਼ਨੀ ਨਹੀ ਦੇ ਸਕਿਆ, ਉਸ ਨੇ ਪੂਰੇ ਵਿਸ਼ਵ ਨੂੰ ਰੋਸ਼ਨ ਕਰ ਦਿੱਤਾ। ਜੀ ਹਾਂ, ਇੱਥੇ ਗੱਲ ਹੋ ਰਹੀ ਹੈ ਮਹਾਨ ਖੋਜੀ ਥਾਮਸ ਅਲਵਾ ਐਡੀਸਨ ਦੀ। ਜਿਸ ਨੇ ਬਿਜਲੀ ਦੇ ਬਲਬ ਦੀ ਖੋਜ ਕੀਤੀ ਸੀ। ਇਸ ਮਹਾਨ ਸ਼ਖ਼ਸੀਅਤ ਦਾ ਜਨਮ 11 ਫਰਵਰੀ 1847 ਈ. 'ਚ ਓਹੀਓ ਰਾਜ ਦੇ ਮਿਲੈਨ ਨਗਰ, ਸੰਯੁਕਤ ਰਾਜ ਅਮਰੀਕਾ 'ਚ ਹੋਇਆ। ਇਸ ਨੂੰ ਸਕੂਲ ਵੱਲੋਂ ਇਹ ਕਹਿ ਕੇ ਕੱਢ ਦਿੱਤਾ ਸੀ ਕਿ ਇਹ ਨਾ ਤਾਂ ਸਮੇਂ ਸਿਰ ਸਕੂਲ ਫ਼ੀਸ ਦੇ ਸਕਿਆ ਤੇ ਪੜ੍ਹਾਈ 'ਚ ਵੀ ਕਮਜ਼ੋਰ ਹੈ, ਬੁੱਧੀਹੀਣ ਹੈ। ਜਿਸ ਨੇ ਬਾਅਦ 'ਚ 6 ਸਾਲ ਤੱਕ ਮੁੱਢਲੀ ਸਿੱਖਿਆ ਘਰ 'ਚ ਹੀ ਰਹਿ ਕੇ ਆਪਣੇ ਮਾਤਾ ਜੀ ਕੋਲੋਂ ਪ੍ਰਾਪਤ ਕੀਤੀ ਅਤੇ ਆਪਣੀ ਸੂਝ-ਬੂਝ ਅਤੇ ਹੁਸ਼ਿਆਰੀ ਸਦਕਾ ਆਪਣੇ ਦਸਵੇਂ ਜਨਮ ਦਿਨ ਤਕ 'ਡਿਕਸ਼ਨਰੀ ਆਫ਼ ਸਾਇੰਸਜ਼' ਦੇ ਨਾਲ-ਨਾਲ ਹੋਰ ਗ੍ਰੰਥਾਂ (ਸੀਅਰ, ਬਰਦਨ ਅਤੇ ਗਿਬਨ) ਆਦਿ ਦਾ ਅਧਿਐਨ ਵੀ ਕਰ ਲਿਆ ਸੀ।

12 ਸਾਲ ਦੀ ਉਮਰ 'ਚ ਫਲਾਂ ਅਤੇ ਸਮਾਚਾਰ ਪੱਤਰਾਂ ਨੂੰ ਵੇਚਣ ਦਾ ਕੰਮ ਵੀ ਕੀਤਾ ਅਤੇ ਪ੍ਰਤੀ ਦਿਨ ਇਕ ਡਾਲਰ ਕਮਾ ਕੇ ਆਪਣੇ ਪਰਿਵਾਰ ਦੀ ਆਰਥਿਕ ਸਹਾਇਤਾ ਵੀ ਕੀਤੀ। ਰੇਲ 'ਚ ਪੱਤਰ ਛਾਪਣ ਦੇ ਨਾਲ-ਨਾਲ ਵਿਗਿਆਨਕ ਪ੍ਰਯੋਗ ਕਰਦੇ ਰਹੇ। ਆਸ਼ਰਕਾਰ 1093 ਖੋਜਾਂ ਨੂੰ ਆਪਣੇ ਨਾਂ ਪੇਟੈਂਟ ਕਰਵਾਇਆ। ਇਸ ਮਹਾਨ ਵਿਗਿਆਨੀ ਦੀ ਦੇਣ ਸਦਕਾ, ਕਾਰੋਬਾਰ, ਫੈਕਟਰੀਆਂ ਅਤੇ ਘਰ-ਘਰ ਬਿਜਲਈ ਸ਼ਕਤੀਕਰਨ ਉਪਰੰਤ ਬਿਜਲੀ ਪਹੁੰਚੀ ਅਤੇ ਉਦਯੋਗਿਕ ਵਰਗ ਵਿਚ ਇਕ ਨਵੀਂ ਕ੍ਰਾਂਤੀ ਆਈ। ਇਸ ਦਾ ਪਹਿਲਾ ਬਿਜਲੀ ਘਰ ਮਾਨਹਟਨ, ਨਿਊਯਾਰਕ ਵਿਚ ਸਥਿਤ ਹੈ। ਇਹ ਇਕ ਵਿਚਾਰਵਾਨ ਦੀ ਤਰ੍ਹਾਂ ਵੀ ਉੱਭਰ ਕੇ ਆਏ..

'ਕਿ ਮੈਂ ਸਫ਼ਲ ਨਹੀ ਹੋਇਆ ਹਾਂ ਬਲਕਿ ਮੈਂ 9999 ਅਜਿਹੇ ਤਰੀਕੇ ਖੋਜੇ ਹਨ, ਜੋ ਕੰਮ ਨਹੀ ਕਰਦੇ।'

'ਸਾਡੀ ਸਭ ਤੋਂ ਵੱਡੀ ਕਮਜ਼ੋਰੀ ਹੈ, ਹੌਸਲਾ ਛੱਡ ਦੇਣਾ।'

'ਯਕੀਨਨ ਕਾਮਯਾਬੀ ਹਾਸਲ ਕਰਨ ਲਈ ਸਾਨੂੰ ਹਮੇਸ਼ਾ ਇਕ ਕੋਸ਼ਿਸ਼ ਕਰਨੀ ਚਾਹੀਦੀ ਹੈ।'

ਬੱਚਿਓ! ਜੇ ਉਪਰੋਕਤ ਵਿਚਾਰਾਂ ਨੂੰ ਅਸੀਂ ਆਪਣੀ ਜ਼ਿੰਦਗੀ ਵਿਚ ਅਪਨਾ ਲਈਏਤਾਂ ਕਾਮਯਾਬੀ ਯਕੀਨਨ ਸਾਨੂੰ ਜ਼ਰੂਰ ਮਿਲੇਗੀ, ਅਸਫ਼ਲਤਾ ਦਾ ਸਵਾਲ ਹੀ ਪੈਦਾ ਨਹੀ ਹੁੰਦਾ। ਇਸ ਲਈ ਸਾਨੂੰ ਹਮੇਸ਼ਾ ਹੀ ਕੋਸ਼ਿਸ਼ ਕਰਦੇ ਰਹਿਣਾ ਚਾਹੀਦਾ ਹੈ ਕਿਉਂਕਿ ਅੱਖੇ ਰਾਹਾਂ 'ਤੇ ਚਲ ਕੇ ਹੀ ਮੰਜ਼ਿਲ ਮਿਲਦੀ ਹੈ।

• **ਕੰਵਲਪ੍ਰੀਤ ਕੌਰ ਬਿੰਦ**

ਕਰੋ ਮੌਨਸੂਨ ਦਾ ਸਵਾਗਤ

ਹਰਦੇਵ ਚੌਹਾਨ
70098-57708

ਮੌਨਸੂਨ ਦੇ ਆਉਣ ਨੂੰ ਰਾਹਤ ਦਾ ਮੌਸਮ ਕਿਹਾ ਜਾਂਦਾ ਹੈ। ਇਸ ਦੌਰਾਨ ਗਰਮੀ ਤਾਂ ਕੁਝ ਘੱਟ ਹੁੰਦੀ ਹੀ ਹੈ ਤੇ ਨਾਲ ਹੀ ਰੇਨੀ-ਡੇਅ 'ਚ ਸਕੂਲਾਂ ਤੋਂ ਵੀ ਛੁੱਟੀਆਂ ਹੋ ਜਾਂਦੀਆਂ ਹਨ। ਕੀ ਤੁਹਾਨੂੰ ਪਤਾ ਹੈ ਕਿ ਬਾਰਿਸ਼ ਨੂੰ ਕਿਵੇਂ ਮਾਪਿਆ ਜਾਂਦਾ ਹੈ। ਦਰਅਸਲ, ਬਾਰਿਸ਼ ਨੂੰ ਮਾਪਣ ਲਈ ਇਕ ਖ਼ਾਸ ਯੰਤਰ ਦਾ ਇਸਤੇਮਾਲ ਹੁੰਦਾ ਹੈ, ਜਿਸ ਨੂੰ ਰੇਨ ਗੇਜ ਕਿਹਾ ਜਾਂਦਾ ਹੈ। ਜ਼ਿਆਦਾਤਰ ਰੇਨ ਗੇਜ 'ਚ ਬਾਰਿਸ਼ ਮਿਲੀਮੀਟਰ 'ਚ ਹੀ ਨਾਪੀ ਜਾਂਦੀ ਹੈ। ਸਾਲ 1662 'ਚ ਕ੍ਰਿਸਟੋਫਰ ਵਰੇਨ ਨੇ ਬ੍ਰਿਟੇਨ 'ਚ ਪਹਿਲਾ ਪੇਨ ਗੇਜ ਬਣਾਇਆ ਸੀ। ਰੇਨ ਗੇਜ ਯੰਤਰ 'ਚ ਇਕ ਕੱਚ ਦੀ ਨਲੀ ਹੁੰਦੀ ਹੈ, ਜਿਸ 'ਚ ਬਾਰਿਸ਼ ਦਾ ਪਾਣੀ ਇਕੱਠਾ ਹੁੰਦਾ ਹੈ। ਇਸ ਨਲੀ 'ਚ ਪਾਣੀ ਦੀ ਉਚਾਈ ਨੂੰ ਨਾਪ ਕੇ ਬਾਰਿਸ਼ ਦੀ ਮਾਤਰਾ ਦਾ ਪਤਾ ਲਗਾਇਆ ਜਾਂਦਾ ਹੈ।

ਗ਼ਲਤ ਵੀ ਹੋ ਸਕਦੀ ਰੀਡਿੰਗ

ਰੇਨ ਗੇਜ ਹਮੇਸ਼ਾ ਬਾਰਿਸ਼ ਦੀ ਸਹੀ ਜਾਣਕਾਰੀ ਦੇਵੇ, ਇਹ ਜ਼ਰੂਰੀ ਨਹੀ ਹੈ ਕਿਉਂਕਿ ਕਈ ਵਾਰ ਜ਼ਿਆਦਾ ਤੇਜ਼ ਤੂਫ਼ਾਨ ਨਾਲ ਬਾਰਿਸ਼ ਹੋਣ 'ਤੇ ਪਾਣੀ ਸਹੀ ਤਰ੍ਹਾਂ ਨਲੀ 'ਚ ਜਮ੍ਹਾਂ ਨਹੀ ਹੋ ਪਾਉਂਦਾ। ਕਈ ਵਾਰ ਇਹ ਯੰਤਰ ਟ੍ਰੰਟ ਵੀ ਜਾਂਦਾ ਹੈ। ਇਸ ਦੇ ਨਾਲ ਹੀ ਰੇਨ ਗੇਜ ਕਿਸੇ ਇਕ ਨਿਸ਼ਚਿਤ ਜਗ੍ਹਾ ਦੀ ਬਾਰਿਸ਼ ਨੂੰ ਮਾਪਣ 'ਚ ਹੀ ਇਸਤੇਮਾਲ ਕੀਤਾ ਜਾ ਸਕਦਾ ਹੈ। ਜ਼ਿਆਦਾ ਵੱਡੇ ਇਲਾਕੇ ਦੀ ਬਾਰਿਸ਼ ਰੇਨ ਗੇਜ 'ਚ ਨਹੀ ਮਾਪੀ ਜਾ ਸਕਦੀ। ਰੇਨ ਗੇਜ ਨੂੰ ਦਰੱਖਤ ਅਤੇ ਇਮਾਰਤਾਂ ਤੋਂ ਦੂਰ ਰੱਖਿਆ ਜਾਂਦਾ ਹੈ ਤਾਂ ਕਿ ਬਾਰਿਸ਼ ਨੂੰ ਸਹੀ-ਸਹੀ ਨਾਪਿਆ ਜਾ ਸਕੇ।

ਚਮਕਦੀ ਬਿਜਲੀ

ਮੌਨਸੂਨ 'ਚ ਬਾਰਿਸ਼ ਨਾਲ ਅਕਸਰ ਬਿਜਲੀ ਵੀ ਚਮਕਦੀ ਹੈ। ਕਈ ਵਾਰ ਤਾਂ ਇਸ ਦੀ ਆਵਾਜ਼ ਨਾਲ ਤੁਸੀਂ ਡਰਦੇ ਵੀ ਹੋਵੋਗੇ। ਬਿਜਲੀ ਚਮਕਣ ਪਿੱਛੇ ਵੀ ਵਿਗਿਆਨਕ ਕਾਰਨ ਹੁੰਦਾ ਹੈ। ਜਦੋਂ ਆਕਾਸ਼ 'ਚ ਬੱਦਲ ਛਾਅ ਜਾਂਦੇ ਹਨ ਅਤੇ ਤੇਜ਼ ਹਵਾ ਚਲਦੀ ਹੈ ਤਾਂ ਬਿਜਲੀ ਚਮਕਦੀ ਹੈ। ਬੱਦਲਾਂ 'ਚ ਨਮੀ ਹੁੰਦੀ ਹੈ। ਇਹ ਨਮੀ ਬੱਦਲਾਂ 'ਚ ਪਾਣੀ ਦੇ ਬਹੁਤ ਬਾਰੀਕ ਕਣਾਂ ਦੇ ਰੂਪ 'ਚ ਹੁੰਦੀ ਹੈ। ਹਵਾ ਅਤੇ ਪਾਣੀ ਦੇ ਕਣ ਆਪਸ 'ਚ ਟਕਰਾਉਂਦੇ ਹਨ। ਇਸ ਨਾਲ ਬਿਜਲੀ ਪੈਦਾ ਹੁੰਦੀ ਹੈ ਅਤੇ ਜਲ ਕਣ ਚਾਰਜ ਹੋ ਜਾਂਦੇ ਹਨ। ਅਜਿਹੇ 'ਚ ਕੁਝ ਬੱਦਲ ਪਾਜ਼ੀਟਿਵ ਤੇ ਕੁਝ ਨੈਗੇਟਿਵ ਚਾਰਜ ਹੁੰਦੇ ਹਨ। ਜਦੋਂ ਦੋਵਾਂ ਤਰ੍ਹਾਂ ਦੇ ਬੱਦਲ ਇਕ-ਦੂਜੇ ਕੋਲ ਆਉਂਦੇ ਹਨ ਤਾਂ ਟਕਰਾਉਣ ਨਾਲ ਕਾਫ਼ੀ ਪਾਵਰਫੁਲ ਬਿਜਲੀ ਪੈਦਾ ਹੁੰਦੀ ਹੈ। ਅਜਿਹਾ ਹੋਣ ਨਾਲ ਰੋਸ਼ਨੀ ਦੀ ਤੇਜ਼ ਚਮਕ ਪੈਦਾ ਹੁੰਦੀ ਹੈ।

ਕਿਉਂ ਗਰਜ਼ਦੇ ਹਨ ਬੱਦਲ?

ਬਿਜਲੀ ਚਮਕਣ ਤੋਂ ਬਾਅਦ ਬੱਦਲ ਗਰਜ਼ਦੇ ਹਨ। ਅਸਲ 'ਚ ਹਵਾ 'ਚ ਦੌੜ ਰਹੀ ਬਿਜਲੀ ਬਹੁਤ ਜ਼ਿਆਦਾ ਗਰਮੀ ਪੈਦਾ ਕਰਦੀ ਹੈ। ਹਵਾ 'ਚ ਗਰਮੀ ਆਉਣ ਨਾਲ ਇਹ ਤੇਜ਼ੀ ਨਾਲ ਫੈਲਦੀ ਹੈ ਅਤੇ ਇਸ ਦੇ ਲੱਖਾਂ ਕਰੋੜਾਂ ਕਣ ਆਪਸ 'ਚ ਟਕਰਾਉਂਦੇ ਹਨ। ਇਨ੍ਹਾਂ ਦੇ ਆਪਸ 'ਚ ਟਕਰਾਉਣ ਨਾਲ ਹੀ ਗਰਜ਼ ਦੀ ਆਵਾਜ਼ ਪੈਦਾ ਹੁੰਦੀ ਹੈ ਕਿਉਂਕਿ ਲਾਈਟ ਦੀ ਸਪੀਡ ਸਾਊਂਡ ਤੋਂ ਤੇਜ਼ ਹੁੰਦੀ ਹੈ ਇਸ ਲਈ ਸਾਨੂੰ ਸਾਊਂਡ ਤੋਂ ਪਹਿਲਾਂ ਲਾਈਟ ਦਿਖਾਈ ਦਿੰਦੀ ਹੈ।•

ਦੋਸਤਾਂ ਨਾਲ ਖੇਡੋ ਰੇਨ ਗੇਮਜ਼

ਬਾਰਿਸ਼ ਨੂੰ ਹੋਰ ਜ਼ਿਆਦਾ ਮਨੋਰੰਜਕ ਬਣਾਉਣ ਲਈ ਤੁਸੀਂ ਫੁੱਟਬਾਲ, ਹਾਪ ਸਕਾਚ ਜਾਂ ਫਿਰ ਕੋਈ ਅਜਿਹੀ ਖੇਡ ਖੇਡ ਸਕਦੇ ਹੋ, ਜੋ ਤੁਹਾਨੂੰ ਦੋਸਤ ਨੂੰ ਵੀ ਪਸੰਦ ਹੋਵੇ।

ਸਿੱਖੋ ਕੁਕਿੰਗ

ਤੇਜ਼ ਬਾਰਿਸ਼ 'ਚ ਮਾਤਾ-ਪਿਤਾ ਅਕਸਰ ਬਾਹਰ ਜਾਣ ਤੋਂ ਮਨ੍ਹਾਂ ਕਰ ਦਿੰਦੇ ਹਨ। ਇਸ ਦੌਰਾਨ ਤੁਸੀਂ ਆਪਣੀ ਮੰਮੀ ਨਾਲ ਰਸੋਈ 'ਚ ਮਿੱਠੀਆਂ ਚੀਜ਼ਾਂ ਜੋ ਬਰਸਾਤ ਦੇ ਦਿਨਾਂ 'ਚ ਸਪੇਸ਼ਲ ਬਣਾਈਆਂ ਜਾਂਦੀਆਂ ਹਨ, ਬਣਾਉਣੀਆਂ ਸਿਖ ਸਕਦੇ ਹੋ।

ਪੇਪਰ ਬੋਟ

ਬਾਰਿਸ਼ 'ਚ ਸਿਰਫ਼ ਗਿੱਲੇ ਹੋ ਕੇ ਉੱਛਲ ਕੇ ਹੀ ਮਸਤੀ ਨਹੀ ਹੁੰਦੀ। ਤੁਸੀਂ ਪੇਪਰ ਵੋਟ ਬਣਾ ਕੇ ਜਮ੍ਹਾਂ ਹੋਏ ਪਾਣੀ 'ਤੇ ਉਸ ਨੂੰ ਤੈਰਾ ਸਕਦੇ ਹੋ। ਪੇਪਰ ਵੋਟ ਬਣਾਉਣ ਦੌਰਾਨ ਤੁਹਾਡੀ ਰਚਨਾਤਮਕਤਾ ਵੱਧੋਗੀ।

ਛੱਤਰੀ 'ਤੇ ਬਣਾਓ ਰੰਗ-ਬਿਰੰਗੇ ਆਰਟ

ਬਾਰਿਸ਼ 'ਚ ਸਾਰਿਆਂ ਦੇ ਘਰ ਛੱਤਰੀ ਜ਼ਰੂਰ ਹੁੰਦੀ ਹੈ। ਤੁਸੀਂ ਆਪਣੀਆਂ ਕਲਾਵਾਂ ਦਾ ਪ੍ਰਦਰਸ਼ਨ ਇਸ 'ਤੇ ਵੀ ਕਰ ਸਕਦੇ ਹੋ। ਸਾਨੂੰ ਪਤਾ ਹੈ ਤੁਹਾਨੂੰ ਬਹੁਤ ਵਧੀਆ ਡਰਾਇੰਗ ਕਰਨੀ ਆਉਂਦੀ ਹੈ, ਇਸ ਲਈ ਆਪਣੀਆਂ ਰੰਗਦਾਰ ਪੈਂਸਲਾਂ ਚੁੱਕ ਤੇ ਦਿਖਾਓ ਆਪਣੀ ਕਲਾ।

ਬਚਪਨ ਨੂੰ ਬਣਾਓ ਯਾਦਗਾਰ

ਰੱਬਾ ! ਰੱਬਾ !! ਮੀਂਹ ਵਰ੍ਹਾ

ਅੱਜ ਸਾਨੂੰ ਲੰਮੀਆਂ-ਲੰਮੀਆਂ ਝੜੀਆਂ ਲੱਗਣ, ਸਮੁੰਦਰੀ ਤੂਫ਼ਾਨ ਤੇ ਝੱਖੜ ਆਦਿ ਆਉਣ ਦੀ ਜਾਣਕਾਰੀ ਪਹਿਲਾਂ ਹੀ ਮਿਲ ਜਾਂਦੀ ਹੈ। ਅਸੀਂ ਘਰਾਂ ਵਿਚ ਰਾਸ਼ਨ, ਪਾਣੀ ਖ਼ਰੀਦ ਕੇ ਰੱਖ ਲੈਂਦੇ ਹਾਂ ਤੇ ਸੁਰੱਖਿਆ ਦੇ ਸਾਰੇ ਪ੍ਰਬੰਧ ਤੁਰੰਤ ਕਰ ਲੈਂਦੇ ਹਾਂ...

ਸੁਣਿਆ ਕਰਦੇ ਸਾਂ ਕਿ ਵੀਰਵਾਰ ਨੂੰ ਸ਼ੁਰੂ ਹੋਈ ਬਰਸਾਤ ਕਈ-ਕਈ ਦਿਨ ਨਹੀਂ ਰੁਕਦੀ। ਉਦੋਂ ਵੀ ਮੋਹਲੇਧਾਰ ਮੀਂਹ ਪੈ ਰਿਹਾ ਸੀ। ਸ਼ਾਇਦ ਉਹ ਵੀਰਵਾਰੀ ਝੜੀ ਸੀ। ਮੀਂਹ ਸੀ ਕਿ ਰੁਕਣ ਦਾ ਨਾਂ ਨਹੀਂ ਸੀ ਲੈ ਰਿਹਾ। ਕੋਠੀਆਂ, ਕੋਠੜਿਆਂ ਦੀ ਲਿੱਪਾ, ਪੋਚੀ ਤਾਂ ਚਿਰੋਕਣੀ ਹੋ ਚੁੱਕੀ ਸੀ ਪਰ ਫਿਰ ਵੀ ਝੜੀ ਨੂੰ ਵੇਖਦੀ ਹੋਈ ਦਾਦੀ ਮਾਂ ਬੜੀ ਹੈਰਾਨ ਪਰੇਸ਼ਾਨ ਲੱਗ ਰਹੀ ਸੀ। ਅੰਦਰ-ਬਾਹਰ ਉਹ ਬੜੀ ਘਬਰਾਈ ਹੋਈ ਫਿਰ ਰਹੀ ਸੀ।

ਸਾਡੇ ਵੇਖਦਿਆਂ-ਵੇਖਦਿਆਂ ਉਹ ਕੱਪੜੇ ਦੀ ਟੱਲੀ ਜਿਹੀ ਲੈ ਕੇ ਚੌਕੇ 'ਚ ਜਾ ਬੈਠੀ। ਟੱਲੀ ਵਿਚ ਚੁੱਟਕੀ ਕੁ ਲੂਣ, ਮਿਰਚਾਂ, ਕਣਕ ਦੇ ਦਾਣੇ, ਚਾਵਲ ਤੇ ਛੋਲੇ ਆਦਿ ਨਿੱਕ-ਸੁੱਕ ਪਾ ਕੇ ਪੋਟਲੀ ਤਿਆਰ ਕਰਨ ਲੱਗ ਪਈ। ਜਦੋਂ ਉਸਦੀ ਚਾਹਤ ਅਨੁਸਾਰ ਪੋਟਲੀ ਤਿਆਰ ਹੋ ਗਈ ਤਾਂ ਸਾਨੂੰ ਆਪਣੇ ਕੋਲ ਬੁਲਾ ਕੇ ਬੜੇ ਪਿਆਰ ਤੇ ਮੋਹ ਨਾਲ ਆਖਣ ਲੱਗੀ, 'ਪੁੱਤ ਛਿੰਦਿਆ! ਜਾਹ, ਇਸ ਪਾਂਧੀ ਨੂੰ ਹਵੇਲੀ ਦੀ ਕੰਧ 'ਤੇ ਚਿਣੀਆਂ ਪਾਥੀਆਂ ਵਿਚ ਰੱਖ ਆ।

'ਪਰ ਇਹ ਸ਼ੈਅ ਕੀ ਐ ਦਾਦੀ ਮਾਂ?' ਦਾਦੀ ਹੱਥੋਂ ਕੱਪੜੇ ਦਾ ਪੁਤਲਾ ਜਿਹਾ ਫੜਦਿਆਂ ਅਸਾਂ ਪੁੱਛਿਆ।

'ਪੁੱਤ! ਇਹ ਮੀਂਹ, ਝੜੀਆਂ ਵਿਚ ਫਸਿਆ ਹੋਇਆ ਮੁਸਾਫ਼ਰ ਏ। ਇਸਦੇ ਘਰ ਵਾਲੇ ਵੀ ਬੜੀ ਬੇਸਬਰੀ ਨਾਲ ਉਡੀਕਦੇ ਪਏ ਨੇ। ਘਰੀਂ ਬੈਠੇ ਇਸ ਦੇ ਬਾਲ-ਨਿਆਣੇ, ਖਾਣ ਲਈ ਮਿੱਠੀਆਂ ਡੱਡੂ-ਮੱਛੀਆਂ ਨੂੰ ਤਰਸ ਰਹੇ ਨੇ।

'ਦਾਦੀ ਮਾਂ! ਤੇਰੇ ਕੋਲ ਫੜਿਆ ਹੋਇਆ ਇਹ ਪਾਂਧੀ ਤਾਂ ਮੀਂਹ, ਕਣੀ ਤੋਂ ਬਚਿਆ ਹੋਇਆ ਏ। ਜੇ ਆਪਾਂ ਇਸਨੂੰ ਬਾਹਰ ਰੱਖ ਆਏ ਤਾਂ ਪਾਥੀਆਂ ਦੇ ਨਾਲ ਇਹ ਵੀ ਭਿੱਜਦਾ ਰਹੂ ਵਿਚਾਰਾਂ'। ਅਸਾਂ ਆਪਣੀ ਸਿਆਣਪ ਝਾੜਦਿਆਂ ਕਿਹਾ।

'ਨਾ ਪੁੱਤ! ਝੜੀ ਵੇਖ। ਕਿੰਨੇ ਦਿਨਾਂ ਤੋਂ ਠੱਲਣ ਦਾ ਨਾਂ ਨਹੀ ਲੈ ਰਹੀ। ਤੂੰ ਛੇਤੀ-ਛੇਤੀ ਜਾਹ ਤੇ ਇਸ ਪਾਂਧੀ ਨੂੰ ਬਾਹਰ ਕੰਧ 'ਤੇ ਰੱਖ ਆ। ਸਾਡਾ ਰੱਬ, ਜਦੋਂ ਇਸ ਵਿਚਲੇ ਨੂੰ ਮੀਂਹ ਵਿਚ ਭਿੱਜਦਾ ਵੇਖੂਗਾ ਤਾਂ ਆਪੇ ਹੀ ਤਰਸ ਖਾ ਕੇ ਮੀਂਹ ਨੂੰ ਮੋੜਾ ਲਾਊਗਾ'। ਭਰੇ ਹੋਏ ਮਨ ਨਾਲ ਦਾਦੀ ਨੇ ਕਿਹਾ ਸੀ।

ਦਾਦੀ ਮਾਂ ਦਾ ਕਿਹਾ ਮਨ ਅਸੀਂ ਪੋਟਲੀ ਨੁਮਾ ਪਾਂਧੀ ਨੂੰ ਵਰ੍ਹਦੇ ਮੀਂਹ ਵਿਚ ਬਾਹਰ ਰੱਖ ਆਏ ਸਾਂ। ਕੁਝ ਦੇਰ ਬਾਅਦ ਮੀਂਹ, ਸੱਚ-ਮੁੱਚ ਰੁਕ ਗਿਆ ਸੀ। ਪਤਾ ਨਹੀ ਦਾਦੀ ਮਾਂ ਦੇ ਓਹੜ-ਪੋਹੜ ਕਰਕੇ ਜਾਂ ਰੱਬ ਦੀ ਮਿਹਰ ਕਰਕੇ।•

ਐਪਸ ਦਿੰਦੇ ਮੌਸਮ ਦੀ ਭਵਿੱਖਬਾਣੀ



*ਮੌਨਸੂਨ ਦੇ ਆਉਣ ਤੋਂ ਬਾਅਦ ਵੀ

ਪੰਜਾਬੀ ਕਲਚਰਲ ਕੌਂਸਲ ਤੇ ਵਰਲਡ ਗੱਤਕਾ ਫੈਡਰੇਸ਼ਨ ਵੱਲੋਂ ਤਨਮਨਜੀਤ ਢੇਸੀ ਨੂੰ ਯੂਕੇ ਸੰਸਦੀ ਚੋਣ 'ਚ ਵੱਡੇ ਫਰਕ ਨਾਲ ਜਿਤਾਉਣ ਦੀ ਗੁਜ਼ਾਰਿਸ਼

ਚੰਡੀਗੜ੍ਹ, 3 ਜੁਲਾਈ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬੀ ਕਲਚਰਲ ਕੌਂਸਲ ਅਤੇ ਵਿਸ਼ਵ ਗੱਤਕਾ ਫੈਡਰੇਸ਼ਨ ਨੇ ਸਾਂਝੇ ਤੌਰ 'ਤੇ ਸਮੂਹ ਵੋਟਰਾਂ ਨੂੰ ਬਰਤਾਨੀਆਂ ਦੇ ਸਲੌਅ ਸੰਸਦੀ ਹਲਕੇ ਤੋਂ ਦੂਜੀ ਵਾਰ ਚੋਣ ਲੜ ਰਹੇ ਸਿੱਖ ਸੰਸਦ ਮੈਂਬਰ ਤਨਮਨਜੀਤ ਸਿੰਘ ਢੇਸੀ ਦੀ ਪੁਰਜ਼ੋਰ ਮੱਦਦ ਕਰਨ ਅਤੇ ਵੱਡੇ ਫਰਕ ਨਾਲ ਜਿਤਾਉਣ ਦਾ ਸੱਦਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਪਿਛਲੇ ਕਾਰਜਕਾਲ ਦੌਰਾਨ ਢੇਸੀ ਨੇ ਬਰਤਾਨਵੀ ਸੰਸਦ ਵਿੱਚ ਹਰ ਵਰਗ ਦਾ ਮਜ਼ਬੂਤੀ ਨਾਲ ਪੱਖ ਰੱਖਦੇ ਹੋਏ ਇੱਕ ਸਮਰਪਿਤ ਅਤੇ ਪ੍ਰਭਾਵਸ਼ਾਲੀ ਬੁਲਾਰੇ ਵਜੋਂ ਇਤਿਹਾਸ ਰਚਿਆ ਹੈ ਅਤੇ ਢੇਸੀ ਵੱਲੋਂ ਠੋਕਵੀਂ ਉਸਾਰੂ ਬਹਿਸ ਦੀ ਸਮਰੱਥਾ ਸਦਕਾ ਉਸ ਨੂੰ ਹਾਊਸ ਆਫ਼ ਕਾਮਨਜ਼ ਵਿੱਚ ਖਾਸ ਕਰਕੇ ਪ੍ਰਵਾਸੀਆਂ ਦੇ ਹਿੱਤਾਂ ਲਈ ਇੱਕ ਪ੍ਰਭਾਵਸ਼ਾਲੀ ਵਕੀਲ ਵਜੋਂ ਦੇਖਿਆ ਜਾਂਦਾ ਹੈ।

ਬਰਤਾਨੀਆ, ਵਿਸ਼ੇਸ਼ ਕਰਕੇ ਸਲੌਅ ਹਲਕੇ ਦੇ ਵੋਟਰਾਂ ਅਤੇ ਸਮਰਥਕਾਂ ਨੂੰ ਇਸ ਭਾਵਪੂਰਤ ਅਪੀਲ ਵਿੱਚ ਪੰਜਾਬੀ ਕਲਚਰਲ ਕੌਂਸਲ ਦੇ ਚੇਅਰਮੈਨ ਹਰਜੀਤ ਸਿੰਘ ਗਰੇਵਾਲ ਨੇ ਕਿਹਾ ਕਿ ਇੰਨਾਂ ਚੋਣਾਂ ਨੇ ਬਰਤਾਨੀਆ ਦੇ ਮੂਲ ਨਿਵਾਸੀਆਂ ਅਤੇ ਸਮੂਹ ਪ੍ਰਵਾਸੀਆਂ ਲਈ ਤਨਮਨਜੀਤ ਢੇਸੀ ਦੀ ਮਿਸਾਲੀ ਲੀਡਰਸ਼ਿਪ ਵਿੱਚ ਆਪਣਾ ਵਿਸ਼ਵਾਸ ਮੁੜ ਪ੍ਰਗਟ ਕਰਨ ਦਾ ਇੱਕ ਬਿਹਤਰੀਨ ਮੌਕਾ ਦਿੱਤਾ ਹੈ। ਉਨਾਂ ਕਿਹਾ ਕਿ ਢੇਸੀ ਨੇ ਆਪਣੇ ਪਿਛਲੇ ਕਾਰਜਕਾਲ ਦੌਰਾਨ ਸਲੌਅ ਹਲਕੇ ਦੇ ਲੋਕਾਂ ਦੀ ਅਣਥੱਕ ਸੇਵਾ ਕੀਤੀ ਹੈ ਅਤੇ ਉਨ੍ਹਾਂ ਦੀਆਂ ਮੁਸ਼ਕਿਲਾਂ ਨੂੰ ਜ਼ੋਰਦਾਰ ਢੰਗ ਨਾਲ ਬਰਤਾਨਵੀ ਸਦਨ ਦੇ ਸਾਹਮਣੇ ਉਠਾਇਆ ਹੈ। ਇਸ ਤੋਂ ਇਲਾਵਾ ਢੇਸੀ ਵੱਲੋਂ ਯੂਕੇ ਅਤੇ ਭਾਰਤ ਦੋਵਾਂ ਮੁਲਕਾਂ ਵਿੱਚ ਪੰਜਾਬੀ ਭਾਈਚਾਰੇ ਦੀਆਂ ਮੰਗਾਂ ਦੀ ਪੂਰਤੀ ਲਈ ਜ਼ੋਰਦਾਰ ਵਕਾਲਤ ਕੀਤੀ ਗਈ ਜਿੰਨਾਂ ਵਿੱਚ ਉਚੇਚੇ ਤੌਰ ਉਤੇ ਚੰਡੀਗੜ੍ਹ ਅਤੇ ਅੰਮ੍ਰਿਤਸਰ ਦੇ ਹਵਾਈ ਅੱਡਿਆਂ ਨੂੰ ਯੂਕੇ ਨਾਲ ਜੋੜਨ ਲਈ ਇੱਥੋਂ ਲੰਦਨ ਨੂੰ ਸਿੱਧੀਆਂ ਉਡਾਣਾ ਸ਼ੁਰੂ ਕਰਨ ਵਾਸਤੇ ਲਗਾਤਾਰ ਪੈਰਵੀ ਕਰਨਾ ਸ਼ਾਮਲ ਹੈ।

ਗਰੇਵਾਲ ਨੇ ਪ੍ਰਵਾਸੀਆਂ ਭਾਰਤੀਆਂ ਵਿੱਚ ਪੰਜਾਬੀ ਸੱਭਿਆਚਾਰ ਅਤੇ ਪੰਜਾਬੀਅਤ ਦੀ ਭਾਵਨਾ ਨੂੰ ਬਰਕਰਾਰ ਰੱਖਣ ਲਈ ਢੇਸੀ ਦੀ ਅਟੁੱਟ ਵਚਨਬੱਧਤਾ ਨੂੰ ਉਜਾਗਰ ਕਰਦਿਆਂ ਬਰਤਾਨਵੀ ਅਤੇ ਪ੍ਰਵਾਸੀ ਭਾਰਤੀ ਵੋਟਰਾਂ ਨੂੰ ਅਪੀਲ ਕੀਤੀ ਕਿ ਉਹ ਇਸ ਗਤੀਸ਼ੀਲ ਨੌਜਵਾਨ ਆਗੂ ਸਮੇਤ ਇਹ ਆਮ ਚੋਣਾਂ ਲੜ ਰਹੇ ਲੇਬਰ ਪਾਰਟੀ ਦੇ ਹੋਰ ਆਗੂਆਂ ਦਾ ਤਨੋ-ਮਨੋ ਸਮਰਥਨ ਕਰਨ ਅਤੇ ਸਲੌਅ ਵਿੱਚ ਆਪਣੇ ਦੋਸਤਾਂ-ਰਿਸ਼ਤੇਦਾਰਾਂ ਨੂੰ ਢੇਸੀ ਨੂੰ ਵੋਟਾਂ ਪਾਉਣ ਲਈ ਪ੍ਰੇਰਿਤ ਕਰਨ।

ਗੱਤਕਾ ਪ੍ਰਮੋਟਰ ਹਰਜੀਤ ਗਰੇਵਾਲ, ਜੋ ਕਿ ਵਿਸ਼ਵ ਗੱਤਕਾ ਫੈਡਰੇਸ਼ਨ ਦੇ ਪ੍ਰਧਾਨ ਵੀ ਹਨ, ਨੇ ਅੱਗੇ ਕਿਹਾ ਕਿ ਢੇਸੀ ਦਾ ਯੋਗਦਾਨ ਰਾਜਨੀਤੀ ਤੋਂ ਪਰੇ ਹੈ ਅਤੇ ਉਹ ਲਗਭਗ ਇੱਕ ਦਹਾਕੇ ਤੋਂ ਯੂਕੇ ਗੱਤਕਾ ਫੈਡਰੇਸ਼ਨ ਦੀ ਅਗਵਾਈ ਕਰਦੇ ਹੋਏ ਇੰਗਲੈਂਡ ਦੇ ਵੱਖ-ਵੱਖ ਸ਼ਹਿਰਾਂ ਵਿੱਚ ਲਗਾਤਾਰ ਕੌਮੀ ਪੱਧਰੀ ਗੱਤਕਾ ਚੈਂਪੀਅਨਸ਼ਿਪਾਂ ਦਾ ਆਯੋਜਨ ਕਰਵਾ ਰਹੇ ਹਨ। ਉਹ ਬਰਤਾਨੀਆ ਵਿੱਚ ਗੱਤਕਾ ਖੇਡ ਸਮੇਤ ਹੋਰ ਖੇਡਾਂ ਨੂੰ ਵੀ ਪ੍ਰਫੁੱਲਤ ਕਰ ਰਹੇ ਹਨ।

12 ਨਵੇਂ ਨਗਰ ਵਣ/ਵਾਟੀਕਾ ਪ੍ਰੋਜੈਕਟਾਂ ਨੂੰ ਪ੍ਰਵਾਨਗੀ

ਬਠਿੰਡਾ ਵਿਖੇ ਫੈਂਸਿੰਗ ਪੋਸਟ ਵਰਮੀਕੰਪੋਸਟ ਅਤੇ ਵੂਡਨ ਕਰੇਟ ਤਿਆਰ ਕਰਨ ਦਾ ਕੰਮ ਸ਼ੁਰੂ

ਚੰਡੀਗੜ੍ਹ, 3 ਜੁਲਾਈ
-ਕੌਮੀ ਪੱਤ੍ਰਿਕਾ ਬਿਊਰੋ-

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸਾਫ਼-ਸੁਥਰਾ ਅਤੇ ਹਰਿਆ ਭਰਿਆ ਵਾਤਾਵਰਣ ਯਕੀਨੀ ਬਣਾਉਣ ਲਈ ਹਰ ਸੰਭਵ ਕਦਮ ਚੁੱਕ ਰਹੀ ਹੈ। ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਵਿਭਾਗ ਨੇ ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ ਦੀ ਰਹਿਨੁਮਾਈ ਹੇਠ ਇਸ ਦਿਸ਼ਾ ਵਿੱਚ ਸ਼ਲਾਘਾਯੋਗ ਕੰਮ ਕੀਤਾ ਹੈ।

ਨਗਰ ਵਣ ਯੋਜਨਾ ਸਕੀਮ ਤਹਿਤ ਭਾਰਤ ਸਰਕਾਰ ਪਾਸੋਂ ਸਾਲ 2023-24 ਦੌਰਾਨ 12 ਨਵੇਂ ਨਗਰ ਵਣ / ਵਾਟੀਕਾ ਪ੍ਰੋਜੈਕਟ ਪ੍ਰਵਾਨ ਕਰਵਾਏ ਗਏ ਹਨ। ਇਸ ਵਿੱਚ ਕੁੱਲ 265.958 ਲੱਖ ਰੁਪਏ ਖਰਚ ਹੋਣਗੇ। ਸਟੇਟ ਅਥਾਰਟੀ ਕੈਂਪਾ ਸਕੀਮ ਤਹਿਤ ਮੁਲਾਜ਼ਮਾਂ ਖਾਸ ਕਰਕੇ ਔਰਤਾਂ ਲਈ ਸਵੱਛਤਾ ਨੂੰ ਯਕੀਨੀ ਬਣਾਉਣ ਲਈ 3 ਕਰੋੜ ਰੁਪਏ ਦੀ ਲਾਗਤ ਨਾਲ ਵੱਖ-ਵੱਖ ਨਰਸਰੀਆਂ ਵਿੱਚ 100 ਪਖਾਨਿਆਂ ਦੀ ਉਸਾਰੀ ਕੀਤੀ ਗਈ ਹੈ। ਬੁਲਾਰੇ ਨੇ ਅੱਗੇ ਦੱਸਿਆ ਕਿ ਸਾਲ 2024-25 ਦੌਰਾਨ ਹੋਰ ਵੀ ਪਾਖਾਨੇ ਉਸਾਰੇ ਜਾਣਗੇ।

ਇੰਨਾ ਹੀ ਨਹੀਂ ਸਗੋਂ ਪਠਾਨਕੋਟ ਵਿਖੇ ਰੇਸ਼ਮ ਦੇ ਕੀੜੇ ਪਾਲਣ ਦਾ ਪ੍ਰੋਜੈਕਟ ਵੀ ਸ਼ੁਰੂ ਕੀਤਾ ਜਾ ਰਿਹਾ ਹੈ ਜਿਸ ਉੱਤੇ 3.75 ਕਰੋੜ ਰੁਪਏ ਖਰਚ ਆਵੇਗਾ ਅਤੇ ਇਸ ਉੱਦਮ ਨਾਲ 136 ਕਿਸਾਨਾਂ ਨੂੰ ਲਾਭ ਮਿਲੇਗਾ।

ਇਸ ਤੋਂ ਇਲਾਵਾ ਵਿਭਾਗ ਵਿੱਚ ਅਧੀਨ ਸੇਵਾਵਾਂ ਚੋਣ ਬੋਰਡ ਵੱਲੋਂ 72 ਕਲਰਕ, 2 ਉਪਰੇਂਜਰ, 2 ਫਾਰੈਸਟਰ ਅਤੇ 199 ਵਣਗਾਰਡਾਂ ਦੀ ਨਿਯੁਕਤੀ ਕੀਤੀ ਗਈ ਹੈ। ਵਿਭਾਗ ਵਿੱਚ ਨਵੇਂ ਭਰਤੀ ਹੋਏ ਕਲਰਕ, ਉਪਰੇਂਜਰ, ਫਾਰੈਸਟਰ, ਵਣ ਗਾਰਡਾਂ ਨੂੰ ਲੋੜੀਂਦੀ ਸਿਖਲਾਈ ਦਿੱਤੀ ਜਾ ਰਹੀ ਹੈ।

ਵਿਭਾਗ ਵੱਲੋਂ ਹੁਸ਼ਿਆਰਪੁਰ ਵਿਖੇ ਪਾਲੀਥੀਨ ਬੈਗ ਫੈਕਟਰੀ ਵਿੱਚ ਨਵੀਆਂ ਮਸ਼ੀਨਾਂ ਲਗਵਾਕੇ ਵਧੀਆ ਕਿਸਮ ਦੇ ਪਾਲੀਥੀਨ ਤਿਆਰ ਕੀਤੇ ਜਾ ਰਹੇ ਹਨ। ਪੰਜਾਬ ਰਾਜ ਵਣ ਨਿਗਮ ਵੱਲੋਂ ਸਾਲ 2023-24 ਦੌਰਾਨ ਬਠਿੰਡਾ ਵਿਖੇ ਫੈਂਸਿੰਗ ਪੋਸਟ ਵਰਮੀਕੰਪੋਸਟ ਅਤੇ ਵੂਡਨ ਕਰੇਟ ਤਿਆਰ ਕਰਨ ਦਾ ਕੰਮ ਸ਼ੁਰੂ ਕੀਤਾ ਗਿਆ ਹੈ।

ਘੱਗਰ ਦਰਿਆ ਦੇ ਬਣੇ ਕਾਜਵੇਅ ਤੇ ਪ੍ਰਸ਼ਾਸਨ ਵੱਲੋਂ ਲਗਾਏ ਲੋਹੇ ਦੇ ਓਵਰਹੈਡ ਦਾ ਮਾਈਨਿੰਗ ਮਾਫੀਆਂ ਨੇ ਕੱਢਿਆ ਤੋੜ

ਕੈਂਟਰ ਨੂੰ ਛੋਟੇ ਟਿੱਪਰ ਵਿੱਚ ਤਬਦੀਲ ਕਰਕੇ ਕਾਜਵੇਅ ਤੋਂ ਨਿਕਲ ਰਹੇ ਰੇਤ ਦੇ ਟਿੱਪਰ

ਡੇਰਾ ਬਸੀ, 3 ਜੁਲਾਈ
-ਕੌਮੀ ਪੱਤ੍ਰਿਕਾ ਬਿਊਰੋ-

ਡੇਰਾਬੱਸੀ ਹਲਕੇ ਵਿੱਚ ਪੈਂਦੇ ਘੱਗਰ ਦਰਿਆ ਤੇ ਬਣੇ ਕਾਜ਼ਵੇਅ ਤੇ ਭਾਰੀ ਵਾਹਨਾਂ ਨੂੰ ਰੋਕਣ ਲਈ ਸਥਾਨਕ ਪ੍ਰਸ਼ਾਸਨ ਨੇ ਕਈ ਵਾਰ ਲੋਹੇ ਦੇ ਓਵਰਹੈਡ ਦਾ ਨਿਰਮਾਣ ਕੀਤਾ ਜਾ ਚੁੱਕਾ ਹੈ। ਜਿਸ ਨੂੰ ਮਾਈਨਿੰਗ ਮਾਫ਼ੀਆਂ ਅਤੇ ਰੇਤ ਬਜਰੀ ਦੇ ਕੰਮ ਵਿੱਚ ਲੱਗੇ ਟਿੱਪਰਾਂ ਵੱਲੋਂ ਕਈ ਵਾਰ ਰਾਤ ਦੇ ਹਨੇਰੇ ਵਿੱਚ ਤੋੜ ਦਿੱਤਾ ਗਿਆ ਸੀ। ਜਿਸ ਤੋਂ ਬਾਅਦ ਪੁਲਿਸ ਨੇ ਅਣਪਛਾਤੇ ਟਿੱਪਰ ਚਾਲਕਾਂ ਖ਼ਿਲਾਫ਼ ਕੇਸ ਦਰਜ਼ ਕਰਕੇ ਉਨ੍ਹਾਂ ਨੂੰ ਕਾਬੂ ਵੀ ਕਰ ਲਿਆ ਸੀ। ਇਸ ਦੇ ਬਾਵਜੂਦ ਵੀ ਸਰਕਾਰ ਵਿਚ ਅਸਰ ਰਸੂਖ ਰੱਖਣ ਵਾਲੇ ਮਾਫੀਆਂ ਕਿੰਗ ਵੱਲੋਂ ਇਸ ਨੂੰ ਦੁਬਾਰਾ ਤੋੜ ਦਿੱਤਾ ਸੀ। ਜਿਸ ਤੋਂ ਬਾਅਦ ਪ੍ਰਸ਼ਾਸਨ ਨੇ ਇਸ ਨੂੰ ਦੁਬਾਰਾ ਰਿਪੇਅਰ ਕਰਵਾਕੇ ਇਥੇ ਸੀਮਿੰਟ ਦੇ ਬੈਰੀਕੇਟ ਰੱਖ ਕੇ ਵੱਡੇ ਵਾਹਨਾਂ ਦੇ ਨਿਕਲਣ ਤੇ ਰੋਕ ਲਗਾ ਦਿੱਤੀ ਸੀ। ਜਿਸ ਕਾਰਨ ਮਾਈਨਿੰਗ ਮਾਫ਼ੀਆਂ ਬਹੁਤ ਹੀ ਪ੍ਰੇਸ਼ਾਨ ਸੀ।

ਜਿਨ੍ਹਾਂ ਨੇ ਪ੍ਰਸ਼ਾਸਨ ਦੇ ਇਸ ਕੰਮ ਤੋਂ ਤੋੜ ਵੀ ਕੈਟਰਾ ਨੂੰ ਛੋਟੇ ਟਿੱਪਰਾਂ ਵਿੱਚ ਤਬਦੀਲ ਕਰਕੇ ਕੱਢ ਲਿਆ। ਹੁਣ ਮਾਈਨਿੰਗ ਮਾਫੀਆਂ ਨੇ ਕੈਟਰਾ ਨੂੰ ਤਬਦੀਲ ਕਰਕੇ ਛੋਟੇ ਟਿੱਪਰ ਬਣਾ ਲਏ। ਇਸ ਤਰ੍ਹਾਂ ਹੁਣ ਇਹ ਟਿੱਪਰ ਘੱਗਰ ਦਰਿਆ ਤੇ ਬਣੇ ਕਾਜ਼ਵੇਅ ਤੋਂ ਅਸਾਨੀ ਨਾਲ ਨਿਕਲ ਜਾਂਦੇ ਹਨ। ਜਿਸ ਕਾਰਨ ਮੁਬਾਰਕਪੁਰ ਢਕੋਲੀ ਰੋਡ ਤੇ ਸਾਰਾ ਦਿਨ ਇਹ ਰੇਤ ਅਤੇ ਬਜਰੀ ਨਾਲ ਭਰੇ ਵਾਹਨ ਗੁਜ਼ਰਦੇ ਰਹਿੰਦੇ ਹਨ। ਜਿਸ ਕਾਰਨ ਉਕਤ ਸੜਕ ਤੇ ਵਾਹਨਾਂ ਦੀ ਗਿਣਤੀ ਵਧ ਗਈ ਹੈ ਜਿਸ ਕਾਰਨ ਕੋਈ ਵੀ ਭਿਆਨਕ ਹਾਦਸਾ ਵਾਪਰ ਸਕਦਾ ਹੈ। ਸਥਾਨਕ ਲੋਕਾਂ ਨੇ ਦੱਸਿਆ ਕਿ ਇਸ ਤੋਂ ਪਹਿਲਾਂ ਵੀ ਮਾਈਨਿੰਗ ਵਿਚ ਲੱਗੇ ਟਿੱਪਰਾਂ ਨੇ ਬੱਚਿਆਂ, ਬਜ਼ੁਰਗਾਂ ਅਤੇ ਔਰਤਾਂ ਇਨ੍ਹਾਂ ਟਿੱਪਰ ਦੀ ਲਪੇਟ ਵਿੱਚ ਆਉਣ ਕਾਰਨ ਆਪਣੀਆਂ ਕੀਮਤੀ ਜਾਨਾਂ ਗਵਾ ਚੁੱਕੇ ਹਨ। ਸਥਾਨਕ ਲੋਕਾਂ ਨੇ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਕੈਟਰਾ ਨੂੰ ਛੋਟੇ ਟਿੱਪਰਾਂ ਵਿੱਚ ਤਬਦੀਲ ਕਰਨ ਵਾਲੇ ਵਾਹਨ ਮਾਲਕਾਂ ਖ਼ਿਲਾਫ਼ ਕਾਰਵਾਈ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਇਨ੍ਹਾਂ ਛੋਟੇ ਟਿੱਪਰਾਂ ਕਾਰਨ ਘੱਗਰ ਦਰਿਆ ਤੇ ਬਣੇ ਕਾਜ਼ਵੇਅ ਨੂੰ ਨੁਕਸਾਨ ਹੋ ਸਕਦਾ ਹੈ। ਕਿਉਂਕਿ ਪਿਛਲੇ ਸਾਲ ਇਨ੍ਹਾਂ ਦਿਨਾਂ ਵਿੱਚ ਹੋਈ ਬਰਸਾਤ ਕਾਰਨ ਘੱਗਰ ਦਰਿਆ ਤੇ ਬਣੇ ਕਾਜ਼ਵੇਅ ਬੂਰੀ ਤਰਾਂ ਨਾਲ ਟੁੱਟ ਗਿਆ ਸੀ ਅਤੇ ਕਈ ਮਹਿਨੇ ਤੱਕ ਇਥੋਂ ਆਵਾਜਾਈ ਬੰਦ ਹੋ ਗਈ ਸੀ।

ਸਥਾਨਕ ਪਿੰਡਾ ਦੇ ਲੋਕਾਂ ਨੇ ਦੱਸਿਆ ਕਿ ਜੇਕਰ ਸਮੇਂ ਰਹਿੰਦੇ ਮਾਈਨਿੰਗ ਦੇ ਕੰਮ ਵਿੱਚ ਇਨ੍ਹਾਂ ਛੋਟੇ ਟਿੱਪਰਾਂ ਦੀ ਘੱਗਰ ਤੇ ਬਣੇ ਕਾਜ਼ਵੇਅ ਤੋਂ ਨਾ ਰੋਕੀ ਗਈ ਤਾਂ ਆਉਣ ਵਾਲੇ ਸਮੇਂ ਵਿੱਚ ਇਸ ਦੇ ਭਿਆਨਕ ਨਤੀਜੇ ਸਾਹਮਣੇ ਆਉਣਗੇ। ਜਿਸ ਦੀ ਜ਼ਿੰਮੇਵਾਰੀ ਸਥਾਨਕ ਪ੍ਰਸ਼ਾਸਨ ਅਤੇ ਪੰਜਾਬ ਸਰਕਾਰ ਦੀ ਹੋਵੇਗੀ।

ਡੇਰਾਬੱਸੀ ਤੋਂ ਸ੍ਰੀ ਅਮਰਨਾਥ ਦੀ ਯਾਤਰਾ ਲਈ ਜੱਥਾ ਹੋਇਆ ਰਵਾਨਾ

ਡੇਰਾ ਬਸੀ, 3 ਜੁਲਾਈ
-ਕੌਮੀ ਪੱਤ੍ਰਿਕਾ ਬਿਊਰੋ-

ਸ਼ਹਿਰ ਵਿੱਚੋਂ ਅੱਜ ਸ੍ਰੀ ਅਮਰਨਾਥ ਜੀ ਦੀ ਯਾਤਰਾ ਲਈ ਪ੍ਰਭੂ ਕ੍ਰਿਪਾ ਸੇਵਾ ਮੰਡਲ ਡੇਰਾਬੱਸੀ ਵੱਲੋਂ 23ਵੀ ਸ੍ਰੀ ਅਮਰਨਾਥ ਯਾਤਰਾ ਅਮਨ ਹੋਟਲ ਐਂਡ ਰੈਸਟੋਰੈਂਟ ਵੱਲੋਂ ਰਵਾਨਾ ਕੀਤੀ ਗਈ। ਇਸ ਮੌਕੇ ਉਨ੍ਹਾਂ ਵੱਲੋਂ ਫ੍ਰੀ ਸੇਵਾ ਦੇ ਰੂਪ ਵਿੱਚ 2 ਬੱਸਾਂ, 3 ਗੱਡੀਆਂ ਰਾਹੀਂ 130 ਤੋਂ ਵੱਧ ਯਾਤਰੀਆਂ ਨੂੰ ਰਵਾਨਾ ਕੀਤਾ। ਉਨ੍ਹਾਂ ਦੱਸਿਆ ਕਿ ਇਹ ਬੱਸਾਂ 29 ਜੂਨ ਨੂੰ ਜਾਕੇ 6 ਜੁਲਾਈ ਨੂੰ ਵਾਪਸੀ ਕਰਨਗੀਆਂ।

ਇਸ ਮੌਕੇ ਰੋਸ਼ਨ ਲਾਲ, ਅਰੁਣ ਕੁਮਾਰ, ਕਰਨ ਕੁਮਾਰ, ਸਪਨਾ ਰਾਣੀ, ਕਾਜਲ, ਅਕਸ਼ਿਤਾ, ਪਲਵੀ, ਜਾਨਵੀ, ਅਮਨ, ਕਨਾਕਸ਼ੀ, ਪਵਨ, ਰਾਕੇਸ਼, ਮਿੱਠੂ, ਸਿੰਮੀ, ਬੰਟੀ, ਸੋਨੂ, ਅਕਾਸ਼, ਸ਼ਿਵਮ, ਰਿੱਕੀ ਪੁੰਡੀਰ, ਬਿੱਟੂ ਮੋਗਾਂ, ਪਵਨ ਨਰੂਲਾ, ਪਾਰਸ, ਸਾਨੂ ਸ਼ਰਮਾ, ਕੁਲਦੀਪ ਸਿੰਘ, ਸੰਦੀਪ, ਸੰਜੀਵ, ਅਜੇ, ਜਸਕਰਨ ਹਾਜ਼ਰ ਸਨ।

ਸ੍ਰੀ ਅਮਰਨਾਥ ਯਾਤਰਾ ਨੂੰ ਲੈ ਕੇ ਡਿਪਟੀ ਕਮਿਸਨਰ ਨੇ ਵੱਖ ਵੱਖ ਵਿਭਾਗਾਂ ਦੇ ਜਿਲ੍ਹਾ ਅਧਿਕਾਰੀਆਂ ਨਾਲ ਕੀਤੀ ਮੀਟਿੰਗ

ਪਠਾਨਕੋਟ, 3 ਜੁਲਾਈ
-ਕੌਮੀ ਪੱਤ੍ਰਿਕਾ ਬਿਊਰੋ-

ਸ੍ਰੀ ਅਦਿੱਤਿਆ ਉੱਪਲ ਡਿਪਟੀ ਕਮਿਸ਼ਨਰ ਪਠਾਨਕੋਟ ਜੀ ਵੱਲੋਂ ਜਿਲ੍ਹਾ ਪ੍ਰਬੰਧਕੀ ਕੰਪਲੈਕਸ ਮਲਿਕਪੁਰ ਦੇ ਮੀਟਿੰਗ ਹਾਲ ਵਿਖੇ ਸ੍ਰੀ ਅਮਰਨਾਥ ਯਾਤਰਾ ਨੂੰ ਲੈ ਕੇ ਜਿਲ੍ਹਾ ਪਠਾਨਕੋਟ ਦੇ ਸਾਰੇ ਵਿਭਾਗਾਂ ਦੇ ਜਿਲ੍ਹਾ ਅਧਿਕਾਰੀਆਂ ਨਾਲ ਅਤੇ ਅਮਰਨਾਥ ਯਾਤਰੀਆਂ ਦੇ ਲੰਗਰ ਲਗਾਉਂਣ ਵਾਲੇ ਪ੍ਰਬੰਧਕਾਂ ਨਾਲ ਇੱਕ ਵਿਸ਼ੇਸ਼ ਮੀਟਿੰਗ ਆਯੋਜਿਤ ਕੀਤੀ। ਇਸ ਮੌਕੇ ਤੇ ਜ਼ਿਲਾ ਪਠਾਨਕੋਟ ਅੰਦਰ ਸ੍ਰੀ ਅਮਰਨਾਥ ਯਾਤਰਾ ਯਾਤਰੀਆਂ ਦੇ ਲਈ ਲੰਗਰ ਲਗਾਉਣ ਵਾਲੀਆਂ ਸੇਵਾ ਸਮਿਤੀਆਂ ਦੇ ਅਧਿਕਾਰੀ ਅਤੇ ਮੈਂਬਰ ਸਾਹਿਬਾਨ ਵੀ ਹਾਜ਼ਰ ਹੋਏ।

ਮੀਟਿੰਗ ਦੇ ਦੌਰਾਨ ਸੰਬੋਧਤ ਕਰਦਿਆਂ ਡਿਪਟੀ ਕਮਿਸ਼ਨਰ ਪਠਾਨਕੋਟ ਸ੍ਰੀ ਅਦਿੱਤਿਆ ਉੱਪਰ ਨੇ ਕਿਹਾ ਕਿ ਹਰ ਸਾਲ ਦੀ ਤਰ੍ਹਾਂ ਪੂਰੇ ਹਿੰਦੁਸਤਾਨ ਅਤੇ ਪੰਜਾਬ ਵਿੱਚੋਂ ਸ੍ਰੀ ਅਮਰਨਾਥ ਯਾਤਰਾ ਦੇ ਲਈ ਜਾਣ ਵਾਲੇ ਸ਼ਰਧਾਲੂ ਭਾਰੀ ਸੰਖਿਆ ਵਿੱਚ ਪਠਾਨਕੋਟ ਵਿਖੇ ਪਹੁੰਚਦੇ ਹਨ ਅਤੇ ਪਠਾਨਕੋਟ ਵਿਖੇ ਵੱਖ-ਵੱਖ ਸਥਾਨਾਂ ਤੇ ਉਨਾਂ ਯਾਤਰੀਆਂ ਦੇ ਠਹਿਰਾਉਣ ਅਤੇ ਭੋਜਨ ਦੀ ਵਿਵਸਥਾ ਦੇ ਲਈ ਵੱਖ-ਵੱਖ ਧਾਰਮਿਕ ਅਤੇ ਸਵੈ ਸੇਵੀ ਸੰਸਥਾਵਾਂ ਵੱਲੋਂ ਲੰਗਰ ਭੰਡਾਰੇ ਲਗਾਏ ਜਾਂਦੇ ਹਨ। ਇਨ੍ਹਾਂ ਭੰਡਾਰਿਆਂ ਅੰਦਰ ਕਿਸੇ ਵੀ ਤਰ੍ਹਾਂ ਦੀ ਅਗਰ ਕੋਈ ਵੀ ਪ੍ਰੇਸ਼ਾਨੀ ਆਉਂਦੀ ਹੈ ਤਾਂ ਉਸ ਦੇ ਲਈ ਵੱਖ ਵੱਖ ਵਿਭਾਗਾਂ ਦੇ ਅਧਿਕਾਰੀਆਂ ਦੀਆਂ ਡਿਊਟੀਆਂ ਲਗਾਈਆਂ ਗਈਆਂ ਹਨ। ਉਹਨਾਂ ਕਿਹਾ ਕਿ ਹਰ ਸਾਲ ਵੇਖਣ ਵਿੱਚ ਆਉਂਦਾ ਹੈ ਕਿ ਮਾਧੋਪੁਰ ਤੋਂ ਲੈ ਕੇ ਸੁਜਾਨਪੁਰ ਦੇ ਨਾਲ ਲੱਗਦੀ ਨਹਿਰ ਵਿੱਚ ਕਈ ਯਤਰੀ ਨਹਾਉਣ ਲੱਗ ਜਾਂਦੇ ਹਨ ਜਿਸ ਦੇ ਨਾਲ ਜਾਨ ਮਾਲ ਦਾ ਨੁਕਸਾਨ ਵੀ ਹੁੰਦਾ ਹੈ ਉਹਨਾਂ ਵਿਭਾਗੀ ਅਧਿਕਾਰੀਆਂ ਨੂੰ ਹਦਾਇਤ ਕਰ ਕੇ ਕਿਹਾ ਕਿ ਮਾਧੋਪੁਰ ਤੋਂ ਲੈ ਕੇ ਮਲਿਕਪੁਰ ਤੱਕ ਜਿੱਥੇ ਯਾਤਰੀ ਨਹਾਉਣ ਦੀ ਸੰਭਾਵਨਾ ਬਣੀ ਰਹਿੰਦੀ ਹੈ ਉਹਨਾਂ ਸਥਾਨਾਂ ਤੇ ਨਿਰਧਾਰਿਤ ਮਾਪ ਦੰਡ ਵਾਲੇ ਬੋਰਡ ਲਗਾਏ ਜਾਣ ਜਿਸ ਤੇ ਪਾਣੀ ਦੀ ਗਹਿਰਾਈ ਅਤੇ ਨਹਾਉਣ ਤੇ ਪ੍ਰਤੀਬੰਧ ਅਤੇ ਆਗਿਆ ਦੀ ਪਾਲਣਾ ਨਾ ਕਰਨ ਤੇ ਜੁਰਮਾਨੇ ਦੇ ਭੁਗਤਾਨ ਆਦਿ ਦਾ ਬਿਊਰਾ ਦਿੱਤਾ ਹੋਇਆ ਹੋਵੇ। ਉਹਨਾਂ ਕਿਹਾ ਕਿ ਬਿਜਲੀ ਵਿਭਾਗ ਦੇ ਅਧਿਕਾਰੀਆਂ ਦੀ ਜਿੰਮ

ਸੰਪਾਦਕੀ

ਪੰਜਾਬ 'ਚ ਸਤਹਿ ਹੇਠ ਖੌਲ ਰਹੇ ਤੌਖ਼ਲੇ ਤੇ ਸਵਾਲ

ਇਕ ਦਿਨ ਮੈਂ ਇਹ ਦੇਖਣ ਲਈ ਕਿਤਾਬਾਂ ਦੀ ਦੁਕਾਨ 'ਤੇ ਗਿਆ ਸੀ ਕਿ ਕੀ ਕੋਈ ਨਵੀਂ ਕਿਤਾਬ ਆਈ ਹੈ। ਮੈਂ ਕੁਝ ਕਿਤਾਬਾਂ ਲੈ ਕੇ ਉੱਥੋਂ ਚੱਲਣ ਹੀ ਲੱਗਿਆ ਸੀ ਕਿ ਇੱਕ ਜਵਾਨ ਔਰਤ ਮੇਰੇ ਕੋਲ ਆ ਕੇ ਕਹਿਣ ਲੱਗੀ ਕਿ ਉਹ ਮੇਰੇ ਨਾਲ ਗੱਲ ਕਰਨਾ ਚਾਹੁੰਦੀ ਹੈ। ਮੈਂ ਉਸ ਔਰਤ ਅਤੇ ਦਿੱਲੀ ਵਿਚ ਰਹਿੰਦੇ ਉਸ ਦੇ ਪਰਿਵਾਰ ਨੂੰ ਚੰਗੀ ਤਰ੍ਹਾਂ ਜਾਣਦਾ ਸੀ। ਉਹ ਕਾਫ਼ੀ ਉਤੇਜਿਤ ਲੱਗ ਰਹੀ ਸੀ; ਉਸ ਨੇ ਮੈਨੂੰ ਪੁੱਛਿਆ ਕਿ ਅੰਮ੍ਰਿਤਪਾਲ ਸਿੰਘ ਅਤੇ ਸਰਬਜੀਤ ਸਿੰਘ ਖ਼ਾਲਸਾ ਦਾ ਲੋਕ ਸਭਾ ਲਈ ਚੁਣਿਆ ਜਾਣਾ ਪੰਜਾਬ ਦੇ ਭਵਿੱਖ ਲਈ ਕਿਹੋ ਜਿਹੇ ਸੰਕੇਤ ਦਿੰਦਾ ਹੈ ? ਮੈਂ ਉਸ ਦੇ ਤੌਖ਼ਲੇ ਦੂਰ ਕਰਨ ਦੀ ਕੋਸਿ ?ਸ਼ ਕੀਤੀ ਪਰ ਪੂਰੀ ਤਰ੍ਹਾਂ ਸਫਲ ਨਹੀਂ ਹੋ ਸਕਿਆ। ਕਿਤਾਬਾਂ ਦੀ ਦੁਕਾਨ ਦੇ ਸ਼ਾਂਤ ਜਿਹੇ ਮਾਹੌਲ ਵਿੱਚ ਇਸ ਤਰ੍ਹਾਂ ਦੇ ਟਕਰਾਅ ਨੇ ਮੈਨੂੰ ਪ੍ਰੇਸ਼ਾਨ ਕਰ ਦਿੱਤਾ ਅਤੇ ਮੈਂ ਇਸ ਵਿਚਾਰ ਲੜੀ ਤੋਂ ਪੱਲਾ ਛੁਡਾਉਣ ਦੀ ਕੋਸ਼ਿਸ਼ ਕੀਤੀ। ਮੈਂ ਵਾਪਸ ਘਰ ਆ ਗਿਆ ਅਤੇ ਚਚੇਰੇ ਭਰਾ ਦਾ ਫੋਨ ਆ ਗਿਆ ਜੋ ਫ਼ੌਜ ਵਿੱਚੋਂ ਸੀਨੀਅਰ ਅਹੁਦੇ ਤੋਂ ਸੇਵਾਮੁਕਤ ਹੋਇਆ ਸੀ ਤੇ ਹੁਣ ਪੰਜਾਬ ਵਿਚ ਵੱਸ ਗਿਆ ਹੈ। ਉਸ ਨੇ ਮੈਥੋਂ ਪੁੱਛਿਆ ਕਿ ਪੰਜਾਬ ਵਿੱਚ ਕੀ ਵਾਪਰ ਰਿਹਾ ਹੈ। ਮੈਂ ਕੁਝ ਚੰਗੀਆਂ ਜਿਹੀਆਂ ਗੱਲਾਂ ਕਰ ਕੇ ਉਸ ਦੀ ਬੇਚੈਨੀ ਸ਼ਾਂਤ ਕਰਨ ਦੀ ਕੋਸ਼ਿਸ਼ ਕੀਤੀ ਅਤੇ ਸੁਝਾਅ ਦਿੱਤਾ ਕਿ ਆਪਣੀ ਘਰਵਾਲੀ ਨੂੰ ਲੈ ਕੇ ਕੁਝ ਛੁੱਟੀਆਂ ਮਨਾ ਆਵੇ। ਅਗਲੇ ਕੁਝ ਦਿਨਾਂ ਵਿੱਚ ਮੈਨੂੰ ਪੰਜਾਬ ਤੋਂ ਆਪਣੇ ਰਿਸ਼ਤੇਦਾਰਾਂ, ਦੋਸਤਾਂ ਅਤੇ ਜਾਣ ਪਛਾਣ ਵਾਲਿਆਂ ਦੇ ਕਈ ਫੋਨ ਆਏ ਅਤੇ ਉਨ੍ਹਾਂ ਵੀ ਅੱਧਮਨੇ ਜਿਹੇ ਢੰਗ ਨਾਲ ਇਹੋ ਸਵਾਲ ਪੁੱਛਿਆ। ਪੰਜਾਬ ਵਿੱਚ ਸਤਹਿ ਦੇ ਹੇਠਾਂ ਬੇਚੈਨੀ ਬਣੀ ਹੋਈ ਸੀ ਅਤੇ ਫਿਰ ਇੱਕ ਦਹਾਕੇ ਤੱਕ ਇਸ ਨੇ ਹਿੰਸਾ ਦੀ ਸੁਨਾਮੀ ਦੇਖੀ ਸੀ। ਕੀ ਅਤੀਤ ਵਰਤਮਾਨ ਤੇ ਭਵਿੱਖ ਬਣ ਰਿਹਾ ਹੈ ? ਹਿੰਸਾ ਤੋਂ ਉਭਰਨ ਲਈ ਕਈ ਸਾਲ ਲੱਗੇ ਸਨ ਅਤੇ ਮੈਂ ਇਸ ਨੂੰ ਮੁੱਢ ਤੋਂ ਲੈ ਕੇ ਅੰਤ ਤੱਕ ਦੇਖਿਆ ਸੀ। ਇਸ ਨੂੰ ਸਿਆਹ ਸਾਇਆ ਬਣਨ ਵਿੱਚ ਕਈ ਸਾਲ ਲੱਗੇ ਸਨ ਅਤੇ ਆਮ ਧਾਰਨਾ ਦੇ ਉਲਟ ਇਸ ਸਿਆਹ ਨਾਟਕ ਦੇ ਪ੍ਰਮੁੱਖ ਅਦਾਕਾਰ ਜਾਣੇ ਪਛਾਣੇ ਹਨ। ਇਸ ਦੀ ਸ਼ਤਰੰਜ ਦੇ ਸਿਆਸੀ ਅਤੇ ਸਮਾਜਿਕ ਖਿਡਾਰੀਆਂ ਬਾਰੇ ਸਭ ਜਾਣਦੇ ਹਨ ਪਰ ਗ੍ਰੀਕ ਤਰਾਸਦੀ ਦੇ ਰਾਹੇਅਮਲ ਵਾਂਗ ਅਸੀਂ ਭਵਿੱਖ ਦੇਖ ਸਕਦੇ ਹਾਂ ਪਰ ਇਸ ਵਿੱਚ ਦਖ਼ਲ ਨਹੀਂ ਦੇ ਸਕਦੇ ਤੇ ਤਰਾਸਦੀ ਆਪਣੇ ਖ਼ੌਫ਼ਨਾਕ ਅੰਜਾਮ ਤੱਕ ਪਹੁੰਚ ਕੇ ਦਮ ਲਵੇਗੀ। ਇਹ ਕੋਈ ਬਹੁਤੀ ਪੁਰਾਣੀ ਗੱਲ ਨਹੀਂ ਅਤੇ ਲੋਕਾਂ ਦੀ ਯਾਦਦਾਸ਼ਤ ਬਹੁਤ ਘੱਟ ਹੁੰਦੀ ਹੈ। ਕੀ ਅਸੀਂ ਉਸ ਦੇ ਦੁਹਰਾਓ ਵੱਲ ਵਧ ਰਹੇ ਹਾਂ ? ਮੀਡੀਆ ਅਤੇ ਨਾਗਰਿਕ ਸਮਾਜ ਚੁੱਪ ਕਿਉਂ ਹਨ ? ਇਹ ਦੋਵੇਂ ਬੰਦੇ ਕਿੱਥੋਂ ਆਏ ਹਨ ਅਤੇ ਕਿਵੇਂ ਇਹ ਪਾਰਲੀਮੈਂਟ ਦੇ ਮੈਂਬਰ ਚੁਣੇ ਗਏ ਹਨ ? ਇਹ ਸਵਾਲ ਪੁੱਛਣ ਦਾ ਸਮਾਂ ਹੈ ਅਤੇ ਸਿਆਸੀ ਪਾਰਟੀਆਂ ਤੇ ਸਰਕਾਰ ਨੂੰ ਜਵਾਬ ਦੇਣਾ ਚਾਹੀਦਾ ਹੈ। ਜਾਪਦਾ ਹੈ, ਸਿਆਸੀ ਪਾਰਟੀਆਂ ਦਾ ਇੱਕੋ-ਇੱਕ ਮਕਸਦ ਰਹਿ ਗਿਆ ਹੈ ਕਿ ਪਾਰਲੀਮੈਂਟ, ਅਸੈਂਬਲੀਆਂ, ਨਗਰ ਨਿਗਮਾਂ ਤੇ ਪੰਚਾਇਤਾਂ ਲਈ ਚੋਣਾਂ ਲੜੋ ਅਤੇ ਜਿੱਤੋ। ਉਨ੍ਹਾਂ ਦੀ ਇੱਕੋ-ਇੱਕ ਖਾਹਿਸ਼ ਹੈ ਕਿ ਹਰ ਪੱਧਰ 'ਤੇ ਸੱਤਾ ਹਥਿਆਈ ਜਾਵੇ ਪਰ ਜਵਾਬਦੇਹੀ ਕੋਈ ਵੀ ਨਾ ਹੋਵੇ। ਸਰਕਾਰ ਨੂੰ ਹੁਣ ਤੱਕ ਪਤਾ ਲੱਗ ਜਾਣਾ ਚਾਹੀਦਾ ਹੈ ਕਿ ਕਿ ਲੋਕ ਫਿ ?ਕਰਮੰਦ ਹਨ; ਉਨ੍ਹਾਂ ਨੂੰ ਪੰਜਾਬ ਦੇ ਮੌਜੂਦਾ ਹਾਲਾਤ ਦੇ ਮੂਲ ਕਾਰਨਾਂ ਦੀ ਘੋਖ ਕਰ ਕੇ ਇਨ੍ਹਾਂ ਚੋਣ ਨਤੀਜਿਆਂ ਅਤੇ ਇਸ ਤੋਂ ਇਲਾਵਾ ਕੰਗਨਾ ਰਣੌਤ ਦੇ ਮੂੰਹ 'ਤੇ ਵੱਜੀ ਚਪੇੜ ਦੀ ਵੀ ਵਜ਼ਾਹਤ ਕਰਨੀ ਚਾਹੀਦੀ ਹੈ।

ਪਿਛਲੇ ਦੋ ਦਹਾਕਿਆਂ ਤੋਂ ਵੱਧ ਅਰਸੇ ਦੌਰਾਨ ਕਈ ਸਰਕਾਰਾਂ ਆਈਆਂ ਤੇ ਚਲੀਆਂ ਗਈਆਂ ਪਰ ਕਿਸੇ ਵੀ ਸਰਕਾਰ ਨੇ ਪੰਜਾਬ ਵਿਚ 1980ਵਿਆਂ ਤੇ 1990ਵਿਆਂ ਤੱਕ ਜੋ ਕੁਝ ਵਾਪਰਿਆ ਸੀ, ਉਸ ਦੇ ਕਾਰਨਾਂ ਦੀ ਜਾਂਚ ਨਹੀਂ ਕਰਵਾਈ ਅਤੇ ਇਸ ਤੋਂ ਕੋਈ ਸਬਕ ਵੀ ਨਹੀਂ ਲਿਆ। ਕਿਸੇ ਵੀ ਸਰਕਾਰ ਨੇ ਨੌਜਵਾਨਾਂ ਦੀ ਸਿੱਖਿਆ, ਉਨ੍ਹਾਂ ਦੇ ਰੁਜ਼ਗਾਰ, ਬੁਨਿਆਦੀ ਢਾਂਚੇ ਦੇ ਵਿਕਾਸ ਅਤੇ ਸਨਅਤਾਂ ਬਾਰੇ ਕੋਈ ਵਿਆਪਕ ਯੋਜਨਾਬੰਦੀ ਨਹੀਂ ਕੀਤੀ। ਇਹ ਗੱਲ ਨਹੀਂ ਕਿ ਪੰਜਾਬ ਵਿੱਚ ਕੋਈ ਵਿਕਾਸ ਨਹੀਂ ਹੋਇਆ; ਹਰੇ ਇਨਕਲਾਬ ਸਦਕਾ ਭਾਰਤ ਅਨਾਜ ਪੱਖੋਂ ਆਤਮ-ਨਿਰਭਰ ਹੋ ਗਿਆ। ਇੱਕ ਆਈਆਈਟੀ, ਇੱਕ ਆਈਆਈਐੱਮ, ਪ੍ਰੀਮੀਅਰ ਮੈਡੀਕਲ ਸੰਸਥਾ ਅਤੇ ਸੜਕੀ ਬੁਨਿਆਦੀ ਢਾਂਚੇ ਦਾ ਨਿਰਮਾਣ ਹੋਇਆ ਹੈ ਪਰ ਇਹ ਕਾਫ਼ੀ ਨਹੀਂ ਕਿਉਂਕਿ ਜਿ ?ਆਦਾਤਰ ਹਿੱਸਾ ਰਵਾਇਤੀ ਖੇਤੀਬਾੜੀ ਅਰਥਚਾਰੇ ਅਤੇ ਸੁੰਗੜ ਰਹੀਆਂ ਖੇਤੀ ਜੋਤਾਂ ਦਰਮਿਆਨ ਫਸਿਆ ਹੋਇਆ ਹੈ ਜਿਸ ਕਰ ਕੇ ਕਿਸਾਨਾਂ ਦੇ ਸਿਰ ਕਰਜ਼ੇ ਦਾ ਬੋਝ ਅਤੇ ਖ਼ੁਦਕੁਸ਼ੀਆਂ ਦੀ ਗਿਣਤੀ ਵਿਚ ਵਾਧਾ ਹੋ ਰਿਹਾ ਹੈ। ਰੁਜ਼ਗਾਰ ਦੇ ਹੋਰ ਸਰੋਤ ਜਿਵੇਂ ਹਥਿਆਰਬੰਦ ਦਸਤਿਆਂ ਵਿੱਚ ਭਰਤੀ ਘਟ ਰਹੀ ਹੈ ਜਿਸ ਕਰ ਕੇ ਨੌਜਵਾਨਾਂ ਦਾ ਵਿਦੇਸ਼ਾਂ ਵੱਲ ਪਰਵਾਸ ਵਧ ਰਿਹਾ ਹੈ। ਇਸ ਕਰ ਕੇ ਆਮ ਲੋਕਾਂ, ਖ਼ਾਸਕਰ ਨੌਜਵਾਨਾਂ ਅੰਦਰ ਬੇਚੈਨੀ ਪੈਦਾ ਹੋ ਰਹੀ ਹੈ ਜਿਸ ਨੂੰ ਕੱਟੜਵਾਦੀ ਅਨਸਰ ਵਰਤ ਸਕਦੇ ਹਨ। ਲੋਕਾਂ ਨੂੰ ਸਬਜ਼ਬਾਗ਼ ਦਿਖਾਉਣ, ਸ਼ੈਰਾਤਾਂ ਵੰਡਣ ਅਤੇ ਝੂਠੇ ਅੰਕੜੇ ਪੇਸ਼ ਕਰਨ ਦੀ ਸਿਆਸਤਦਾਨਾਂ ਦੀ ਆਦਤ ਉਲਟੀ ਪੈ ਰਹੀ ਹੈ ? ਨਸ਼ਿਆਂ ਦਾ ਧੰਦਾ ਸਮੁੱਚੇ ਦੇਸ਼ ਅੰਦਰ ਪਸਰ ਚੁੱਕਿਆ ਹੈ ਅਤੇ ਦੇਸ਼ ਭਰ ਵਿੱਚ ਛਾਪੇ ਮਾਰ ਕੇ ਕੁਝ ਕੁ ਛੋਟੀਆਂ ਮਛਲੀਆਂ ਨੂੰ ਕਾਬੂ ਕਰ ਲਿਆ ਜਾਂਦਾ ਹੈ। ਅਜੇ ਤੱਕ ਨਸ਼ਿਆਂ ਦਾ ਵੱਡਾ ਕਾਰੋਬਾਰੀ ਜਾਂ ਇਸ ਧੰਦੇ ਦੇ ਕਿਸੇ ਫਾਇਨਾਂਸਰ ਨੂੰ ਕਾਬੂ ਨਹੀਂ ਕੀਤਾ ਗਿਆ। ਮੁੱਖ ਧਾਰਾ ਦੀਆਂ ਸਿਆਸੀ ਪਾਰਟੀਆਂ ਦੀ ਥਾਂ ਕੱਟੜ ਸੱਜੇ ਪੱਖੀ ਲੈ ਰਹੇ ਹਨ। ਹਾਲੀਆ ਲੋਕ ਸਭਾ ਚੋਣਾਂ ਵਿੱਚ ਸ਼੍ਰੋਮਣੀ ਅਕਾਲੀ ਦਲ ਦੀਆਂ ਵੋਟਾਂ ਘਟ ਕੇ 13.4 ਪ੍ਰਤੀਸ਼ਤ ਰਹਿ ਗਈਆਂ। ਭਾਜਪਾ ਨੇ ਵੀ 18.5 ਪ੍ਰਤੀਸ਼ਤ ਵੋਟ ਲੈ ਕੇ ਬਹੁਤਾ ਚੰਗਾ ਪ੍ਰਦਰਸ਼ਨ ਨਹੀਂ ਕੀਤਾ। ਸ਼੍ਰੋਮਣੀ ਅਕਾਲੀ ਦਲ ਨੂੰ 2022 ਵਿਚ 18.3 ਪ੍ਰਤੀਸ਼ਤ ਵੋਟਾਂ ਮਿਲੀਆਂ ਸਨ ਤੇ ਇਹ ਹੁਣ ਉਸ ਤੋਂ ਵੀ ਹੇਠਾਂ ਖਿਸਕ ਗਿਆ ਹੈ। ਮੈਂ ਸ਼੍ਰੋਮਣੀ ਅਕਾਲੀ ਦਲ ਦਾ ਜਿ ?ਕਰ ਕੀਤਾ ਕਿਉਂਕਿ ਇਹ ਉਹ ਪਾਰਟੀ ਹੈ ਜਿਸ ਨੇ ਪੰਜਾਬੀ ਸੂਬਾ ਮੋਰਚਾ ਵਿੱਢਿਆ ਸੀ ਤੇ ਭਾਰਤ ਵਿੱਚ ਕਾਂਗਰਸ ਤੋਂ ਬਾਅਦ ਇਹ ਦੂਜੀ ਸਭ ਤੋਂ ਪੁਰਾਣੀ ਸਿਆਸੀ ਧਿਰ ਹੈ। ਉੱਚੇ ਸਿਆਸੀ ਕੱਦ ਵਾਲੀ ਸ਼ਖ਼ਸੀਅਤ ਮਰਹੂਮ ਪ੍ਰਕਾਸ਼ ਸਿੰਘ ਬਾਦਲ ਪੰਜ ਵਾਰ ਪੰਜਾਬ ਦੇ ਮੁੱਖ ਮੰਤਰੀ ਰਹੇ, ਐਮਰਜੈਂਸੀ ਤੋਂ ਲੈ ਕੇ ਐੱਸਵਾਈਐੱਲ ਨਹਿਰ ਜਿਹੇ ਸਿਆਸੀ ਮੁੱਦਿਆਂ 'ਤੇ ਆਪਣੇ ਰੁਖ਼ ਕਾਰਨ ਉਨ੍ਹਾਂ ਨੂੰ ਕਈ ਵਾਰ ਜੇਲ੍ਹ ਜਾਣਾ ਪਿਆ; ਹਾਲਾਂਕਿ ਖਾੜਕੂਵਾਦ ਦੇ ਦੌਰ ਵਿੱਚ ਅੱਸੀਵਿਆਂ ਤੇ ਨੱਬੇਵਿਆਂ 'ਚ, ਬਾਦਲ ਤੇ ਉਨ੍ਹਾਂ ਦੀ ਪਾਰਟੀ ਮੁੱਖ ਧਾਰਾ ਦੀਆਂ ਬਾਕੀ ਪਾਰਟੀਆਂ ਵਾਂਗ ਮੂਕ ਦਰਸ਼ਕ ਬਣੀਆਂ ਰਹੀਆਂ ਅਤੇ ਇਉਂ ਕੱਟੜਵਾਦੀਆਂ ਲਈ ਮੈਦਾਨ ਖਾਲੀ ਛੱਡ ਦਿੱਤਾ। ਇਸ ਤੋਂ ਇਲਾਵਾ ਖਾੜਕੂਆਂ ਦੀ ਚਿਤਾਵਨੀ ਅੱਗੇ ਝੁਕਦਿਆਂ ਉਨ੍ਹਾਂ ਦੀ ਪਾਰਟੀ ਨੇ 1992 ਵਿੱਚ ਸੂਬਾਈ ਚੋਣਾਂ ਦਾ ਬਾਈਕਾਟ ਵੀ ਕੀਤਾ। ਪੰਜਾਬੀ ਕਿਸਾਨਾਂ ਵੱਲੋਂ ਦਿੱਲੀ 'ਚ ਘੜੀਆਂ ਜਾ ਰਹੀਆਂ ਨੀਤੀਆਂ ਖਿ ?ਲਾਫ਼ ਵਿੱਢੇ ਵਿਸ਼ਾਲ ਅੰਦੋਲਨ 'ਚੋਂ ਸੂਬਾ ਕਾਂਗਰਸ ਅਤੇ ਇਸ ਦੀ ਲੀਡਰਸ਼ਿਪ ਗ਼ੈਰ-ਹਾਜ਼ਰ ਰਹੀ। ਪੰਜਾਬ ਵਰਗੇ ਖੇਤੀ ਪ੍ਰਧਾਨ ਸੂਬੇ 'ਚ ਇਸ ਸੰਘਰਸ਼ 'ਚੋਂ ਗ਼ੈਰ-ਹਾਜ਼ਰ ਰਹਿ ਕੇ ਪਾਰਟੀ ਨੇ ਆਪਣਾ ਹੀ ਨੁਕਸਾਨ ਕੀਤਾ। ਇਸ ਨੁਕਸਾਨ ਦੀ ਪੁਸ਼ਟੀ ਬਾਅਦ 'ਚ ਵਿਧਾਨ ਸਭਾ ਚੋਣਾਂ 'ਚ ਕਾਂਗਰਸ ਦੀ ਕਰਾਰੀ ਹਾਰ ਨਾਲ ਹੋਈ (ਨਤੀਜੇ ਵਜੋਂ ਜਿ ?ਆਦਾਤਰ ਸੂਬਾਈ ਆਗੂ ਭਾਜਪਾ 'ਚ ਚਲੇ ਗਏ)। ਪੰਜਾਬੀਆਂ ਨੇ ਸਥਾਪਿਤ ਸਿਆਸੀ ਪਾਰਟੀਆਂ ਤੇ ਪਰਿਵਾਰ ਨਕਾਰ ਦਿੱਤੇ ਅਤੇ ਆਮ ਆਦਮੀ ਪਾਰਟੀ ਨੂੰ ਮੌਕਾ ਦਿੱਤਾ। ਸਪੱਸ਼ਟ ਤੌਰ 'ਤੇ 'ਆਪ' ਵੀ ਕੋਈ ਅਸਰ ਨਹੀਂ ਪਾ ਸਕੀ ਜੋ ਇਸ ਵੱਲੋਂ ਲੋਕ ਸਭਾ ਚੋਣਾਂ ਵਿੱਚ ਜਿੱਤੀਆਂ ਸੀਟਾਂ ਦੀ ਗਿਣਤੀ (13 ਵਿੱਚੋਂ ਸਿਰਫ਼ ਤਿੰਨ) ਤੇ ਵੋਟ ਸ਼ੇਅਰ 'ਚ ਆਏ ਨਿਘਾਰ ਤੋਂ ਪ੍ਰਤੱਖ ਹੈ। ਇਹ ਉਹੀ ਪਾਰਟੀ ਹੈ ਜਿਸ ਨੂੰ 2022 ਦੀਆਂ ਚੋਣਾਂ 'ਚ 42 ਪ੍ਰਤੀਸ਼ਤ ਵੋਟਾਂ ਮਿਲੀਆਂ ਸਨ ਜੋ ਹੁਣ ਘੱਟ ਕੇ 26 ਪ੍ਰਤੀਸ਼ਤ ਰਹਿ ਗਈਆਂ ਹਨ। ਅਹਿਮ ਨੁਕਤਾ ਇਹ ਹੈ ਕਿ ਮੁੱਖਧਾਰਾ ਦੀਆਂ ਪਾਰਟੀਆਂ ਆਪਣੇ ਹਿੱਸੇ ਦੀ ਵੋਟ ਅੰਮ੍ਰਿਤਪਾਲ ਵਰਗਿਆਂ ਨੂੰ ਗੁਆ ਰਹੀਆਂ ਹਨ ਜਿਸ ਨਾਲ ਰਾਜਨੀਤਕ ਬਹਿਸ ਤਿੱਖੀ ਤੇ ਕਠੋਰ ਹੋ ਰਹੀ ਹੈ। ਇਸ ਤੋਂ ਉਹ ਸਮਾਂ ਚੇਤੇ ਆਉਂਦਾ ਹੈ ਜਦ ਮੁੱਖ ਧਾਰਾ ਪਾਰਟੀਆਂ ਨੂੰ ਚੋਣਾਂ ਦਾ ਬਾਈਕਾਟ ਕਰਨਾ ਪਿਆ ਸੀ ਤੇ ਕੱਟੜਵਾਦੀਆਂ ਦੇ ਇਸ਼ਾਰਿਆਂ 'ਤੇ ਚੱਲਣਾ ਪਿਆ। ਇਹ ਸੂਬੇ ਅਤੇ ਇਸ ਦੇ ਲੋਕਾਂ, ਦੋਵਾਂ ਲਈ ਚੰਗਾ ਨਹੀਂ ਹੈ। ਕੱਟੜ ਸੱਜੇ ਪੱਖੀਆਂ ਵੱਲੋਂ ਪੁਰਾਣੇ ਲਾਂਬੂਆਂ 'ਤੇ ਫੂਕਾਂ ਮਾਰਨ ਨਾਲ ਪੰਜਾਬ ਤੇ ਭਾਰਤ ਦੀ ਸੁਰੱਖਿਆ ਤੇ ਸ਼ਾਂਤੀ ਲਈ ਖ਼ਤਰਾ ਖੜ੍ਹਾ ਹੋਵੇਗਾ। ਜਦੋਂ ਤੱਕ ਸਮੱਸਿਆ ਦੀ ਜੜ੍ਹ ਨਹੀਂ ਫੜੀ ਜਾਂਦੀ, ਸਾਜਿ ?ਸ਼ੀ ਥਿਊਰੀਆਂ ਫੁੱਟਣਗੀਆਂ ਤੇ ਜਿਸ ਸ਼ਾਂਤੀ ਨੂੰ ਸਥਾਪਿਤ ਹੋਣ 'ਚ ਦਹਾਕੇ ਲੱਗ ਗਏ, ਉਹ ਡਗਮਗਾ ਜਾਵੇਗੀ। ਸੱਚ ਤਾਂ ਇਹ ਹੈ ਕਿ ਅਸਲ ਮੁੱਦਿਆਂ- ਬੇਰੁਜ਼ਗਾਰੀ, ਸਿੱਖਿਆ, ਸਿਹਤ, ਸੁਰੱਖਿਆ ਨੂੰ ਅਣਗੌਲਿਆਂ ਕੀਤਾ ਗਿਆ ਹੈ। ਵਿਕਾਸ ਦੀ ਸੂਚੀ ਵਿੱਚ ਪੰਜਾਬ ਲੰਮੇ ਸਮੇਂ ਤੋਂ ਹੇਠਾਂ ਨੂੰ ਹੀ ਜਾ ਰਿਹਾ ਹੈ, ਕਿਸੇ ਸਮੇਂ ਇਹ ਸਿਖਰ 'ਤੇ ਰਿਹਾ ਹੈ। ਅੱਜ ਪੰਜਾਬ ਦੀ ਹਾਲਤ ਅਜਿਹੀ ਹੈ ਕਿ ਇਹ ਵਿਕਾਸ ਤੇ ਤਰੱਕੀ ਦੇ ਸਾਰੇ ਮਾਪਦੰਡਾਂ ਵਿੱਚ ਬਿਲਕੁਲ ਹੇਠਾਂ ਜਾ ਚੁੱਕੇ ਰਾਜਾਂ ਵਿੱਚ ਸ਼ਾਮਿਲ ਹੈ। ਸਿਆਸਤਦਾਨ ਅੱਗ ਨਾਲ ਖੇਡ ਸਕਦੇ ਹਨ ਪਰ ਆਖਿ ?ਰ ਕਿਸ ਕੀਮਤ 'ਤੇ ? ਸਮਾਂ ਆ ਗਿਆ ਹੈ ਕਿ ਮੁੱਖਧਾਰਾ ਆਪਣਾ ਪੱਧਰ ਉੱਚਾ ਚੁੱਕੇ ਤੇ ਲੋਕਾਂ ਨੂੰ ਲਾਮਬੰਦ ਕਰ ਕੇ ਗੁਆਚੀ ਜ਼ਮੀਨ ਮੁੜ ਹਾਸਿਲ ਕਰੇ। ਲੋਕਾਂ ਨੂੰ ਤੁਸੀਂ ਤਾਂ ਹੀ ਲਾਮਬੰਦ ਕਰ ਸਕਦੇ ਹੋ ਜੇ ਤੁਹਾਡੇ ਕੋਲ ਰਾਜ ਲਈ ਸੰਪੂਰਨ ਤੌਰ 'ਤੇ ਕੋਈ ਦ੍ਰਿਸ਼ਟੀਕੋਣ ਹੋਵੇ, ਅਜਿਹਾ ਦ੍ਰਿਸ਼ਟੀਕੋਣ ਜਿਸ ਵਿੱਚ ਹਰ ਪੱਧਰ 'ਤੇ ਸਾਰੇ ਨਾਗਰਿਕਾਂ ਦੇ ਯੋਜਨਾਬੱਧ ਵਿਕਾਸ ਲਈ ਖ਼ਾਕਾ ਹੋਵੇ।

ਮੁਨਾਫ਼ਾਖ਼ੋਰੀ ਦਾ ਸਿਧਾਂਤ ਅਤੇ ਕਿਰਤੀਆਂ ਦੇ ਹਾਲਾਤ

ਜਤਿੰਦਰ ਸਿੰਘ

ਫਰੈਡਰਿਕ ਏਂਗਲਜ਼ ਦੀ ਕਿਤਾਬ 'ਬਰਤਾਨੀਆ ਦੇ ਮਜ਼ਦੂਰ ਵਰਗ ਦੇ ਹਾਲਾਤ' (The Condition of the Working Class in England) ਦੇ ਹਵਾਲੇ ਨਾਲ ਕੁਝ ਗੱਲਾਂ ਸਮਕਾਲ ਨੂੰ ਸਮਝਣ ਅਤੇ ਬਿਆਨ ਕਰਨ ਦੀਆਂ ਚੁਣੌਤੀਆਂ ਬਾਬਤ ਰੱਖਾਂਗਾ ਜਿਨ੍ਹਾਂ ਕਾਰਨ ਇਹ ਕਿਤਾਬ ਅੱਜ ਵੀ ਸਾਰਥਕ ਹੈ। ਕਿਤਾਬ ਤਕਰੀਬਨ 180 ਸਾਲ ਪਹਿਲਾਂ ਛਪੀ ਸੀ, ਉਦੋਂ ਏਂਗਲਜ਼ ਦੀ ਉਮਰ ਚੌਵੀ ਸਾਲ ਸੀ। ਇਹ ਦਸਤਾਵੇਜ਼ ਬੇਮੁਹਾਰ ਮੁਨਾਫ਼ਾਖ਼ੋਰ ਸਿਧਾਂਤ ਨੂੰ ਪ੍ਰਨਾਏ ਪੂੰਜੀਵਾਦ ਦੇ ਮੁੱਢਲੇ ਦੌਰ ਸਮੇਂ ਦਾ ਹੈ। ਇਹ ਸਮਾਂ ਧਾਗਾ ਮਿੱਲਾਂ ਅਤੇ ਕੱਪੜਾ ਉਦਯੋਗ 'ਚ ਵੱਡੀ ਤਬਦੀਲੀ ਦਾ ਗਵਾਹ ਹੈ। ਉਦਯੋਗੀਕਰਨ ਦੇ ਸ਼ੁਰੂਆਤੀ ਦੌਰ 'ਚ ਕਈ ਵਿਦਵਾਨਾਂ ਨੇ ਖ਼ਦਸ਼ਾ ਜ਼ਾਹਿਰ ਕੀਤਾ ਕਿ ਪੂੰਜੀਵਾਦ ਦੇ ਫੈਲਾਉ ਨੇ ਮਨੁੱਖਤਾ ਦਾ ਘਾਣ ਕਰਨਾ ਹੈ, ਸਮਾਜ ਦੇ ਵੱਡੇ ਤਬਕੇ ਨੂੰ ਗਰੀਬੀ ਤੇ ਭੁੱਖਮਰੀ ਦੀ ਦਲਦਲ ਵੱਲ ਧੱਕ ਦੇਣਾ ਹੈ, ਸਮਾਜਿਕ ਤਣਾਅ ਨੂੰ ਜ਼ਰਬਾਂ ਦੇਣੀਆਂ ਹਨ। ਏਂਗਲਜ਼ ਨੇ 1842 ਤੋਂ ਬਰਤਾਨੀਆ ਦੇ ਮਾਨਚੈਸਟਰ ਸ਼ਹਿਰ 'ਚ ਲਗਭਗ ਦੋ ਸਾਲ ਬਿਤਾਏ। ਪੂੰਜੀਵਾਦ ਦਾ ਜਨਮ ਸਥਾਨ ਸਮਝੇ ਜਾਂਦੇ ਮੁਲਕ 'ਚ ਸਮਾਜਿਕ ਟੁੱਟ-ਭੱਜ ਨੂੰ ਸਮਝਣ ਅਤੇ ਮੁਨਾਫ਼ਾਖ਼ੋਰੀ ਦੇ ਸਿਧਾਂਤ ਵਲੋਂ ਵਸੂਲੀ ਜਾ ਰਹੀ ਸਮਾਜਿਕ-ਘਾਣ ਰੂਪੀ ਕੀਮਤ ਨੂੰ ਪਰਖਣ ਦਾ ਉਸ ਕੋਲ ਸੁਨਹਿਰੀ ਮੌਕਾ ਸੀ।

ਸਵਾਲ ਬਣਿਆ ਕਿ ਸਮਾਜਿਕ ਹਕੀਕਤ ਦੀ ਤਹਿ ਤੱਕ ਕਿਵੇਂ ਪੁੱਜਿਆ ਜਾਵੇ ? ਬਰਤਾਨੀਆ ਦਾ ਸਮਾਜਿਕ ਇਤਿਹਾਸ ਲਿਖਣ ਦਾ ਫੈਸਲਾ ਹੋਇਆ। ਇਹ ਲਿਖਤ ਕਾਰਖ਼ਾਨਾ ਮਜ਼ਦੂਰਾਂ ਦੀ ਜ਼ਿੰਦਗੀ ਦੀਆਂ ਪਰਤਾਂ ਫਰੋਲਦੀ, ਖ਼ਦਾਨ ਮਜ਼ਦੂਰਾਂ ਨੂੰ ਵਾਚਦੀ ਅਤੇ ਖੇਤ ਮਜ਼ਦੂਰਾਂ ਨੂੰ ਕਲਾਵੇ 'ਚ ਲੈਂਦੀ ਹੈ। ਇੰਝ ਇਹ ਬਰਤਾਨੀਆ ਦੀ ਮਜ਼ਦੂਰ ਜਮਾਤ ਦਾ ਬਿਆਨੀਆ ਹੈ। ਕਿਹਾ ਜਾ ਸਕਦਾ ਹੈ ਕਿ ਇਹ ਕਿਤਾਬ ਸੂਰ-ਵਾੜਿਆਂ ਵਰਗੇ ਘਰਾਂ 'ਚ ਰਹਿੰਦੇ, ਦੋ ਟੁੱਕ ਰੋਟੀ ਤੋਂ ਮੁਥਾਜ, ਚੀਥੜਿਆਂ ਨਾਲ ਤਨ ਢਕਦੇ, ਬਾਲ ਉਮਰ ਤੋਂ ਹੱਡ-ਪੈਰ ਚੱਲਣ ਤੱਕ 12 ਤੋਂ 18 ਘੰਟੇ ਇਕੋ ਕਿਸਮ ਦਾ ਨੀਰਸ ਕੰਮ ਕਰਦੇ, ਨਿਰਾਸਤਾ ਦੀ ਡੂੰਘੀ ਖਾਈ 'ਚ ਧੱਕੇ ਪਰ ਹੌਸਲਾ ਨਾ ਹਾਰਦੇ ਤੇ ਹਾਲਾਤ ਵਿਰੁੱਧ ਸੰਘਰਸ਼ਸ਼ੀਲ ਬਰਤਾਨੀਆ ਦੇ ਉਦਯੋਗਕ ਸ਼

• ਡਾ. ਰਣਜੀਤ ਸਿੰਘ
94170-87328

ਕੋਈ ਸਮਾਂ ਸੀ ਜਦੋਂ ਅੰਬ ਪੰਜਾਬ ਦਾ ਮੁੱਖ ਫਲ ਹੁੰਦਾ ਸੀ। ਅੰਬਾਲੇ ਤੋਂ ਲੈ ਕੇ ਗੁਰਦਾਸਪੁਰ ਤਕ ਇਸ ਦੇ ਬਗ਼ੀਚੇ ਸਨ। ਦੁਆਬੇ ਨੂੰ ਤਾਂ ਅੰਬਾਂ ਦਾ ਘਰ ਮੰਨਿਆ ਜਾਂਦਾ ਸੀ...

ਪੰਜਾਬ ਦੇ ਮੁੱਖ ਫਲ

ਫਲਾਂ ਦਾ ਰਾਜਾ ਅੰਬ

ਪੰਜਾਬ 'ਚ ਬੂਟੇ ਲਗਾਉਣ ਦੇ ਦੋ ਮੌਸਮ ਹਨ ਫਰਵਰੀ-ਮਾਰਚ ਤੇ ਅਗਸਤ-ਸਤੰਬਰ।।ਪੰਜਾਬ ਵਿਚ ਕਰੀਬ 76,600 ਹੈਕਟੇਅਰ ਰਕਬੇ 'ਚ ਫਲਾਂ ਦੇ ਰੁੱਖ ਹਨ। ਇਨ੍ਹਾਂ ਵਿੱਚੋਂ ਵੀ ਅੱਧਾ ਰਕਬਾ ਸਿਰਫ਼ ਕਿੰਨੂ ਹੇਠ ਹੈ। ਆਜ਼ਾਦੀ ਤੋਂ ਬਾਅਦ ਪੰਜਾਬ ਵਿਚ ਫਲਾਂ ਦੇ ਬਗ਼ੀਚੇ ਲਗਾਉਣ ਲਈ ਵਿਸ਼ੇਸ਼ ਮੁਹਿੰਮ ਚਲਾਈ ਗਈ। ਹਰ ਜ਼ਿਲ੍ਹੇ 'ਚ ਘੱਟੋ ਘੱਟ ਦੋ ਪਿੰਡ ਚੁਣੇ ਗਏ, ਜਿੱਥੇ ਪੱਛਮੀ ਪੰਜਾਬ ਤੋਂ ਆਏ ਕਿਸਾਨਾਂ ਨੂੰ ਵਸਾਇਆ ਗਿਆ ਸੀ। ਇਨ੍ਹਾਂ ਨੂੰ ਗਾਰਡਨ ਕਲੋਨੀਆਂ ਦਾ ਨਾਂ ਦਿੱਤਾ ਗਿਆ ਸੀ। ਵਸੋਂ ਦੇ ਵਾਧੇ ਨਾਲ ਫਲਾਂ ਦੀ ਮੰਗ ਵਿਚ ਕਾਫ਼ੀ ਵਾਧਾ ਹੋਇਆ ਹੈ। ਇਸ ਸਮੇਂ ਪੰਜਾਬ ਵਿਚ ਫਲਾਂ ਦੇ ਉਤਪਾਦਨ ਅਤੇ ਮੰਗ ਵਿਚ ਕਾਫ਼ੀ ਅੰਤਰ ਹੈ। ਇਸ ਲਈ ਫਲਾਂ ਹੇਠ ਰਕਬੇ ਨੂੰ ਵਧਾਏ ਜਾਣ ਦੀ ਲੋੜ ਹੈ। ਅੱਜ ਅਸੀਂ ਤੁਹਾਨੂੰ 'ਫਲਾਂ ਦੇ ਰਾਜਾ' ਅੰਬ ਬਾਰੇ ਜਾਣਕਾਰੀ ਦੇ ਰਹੇ ਹਾਂ। ਕਦੇ ਅੰਬ ਪੰਜਾਬ ਦਾ ਮੁੱਖ ਫਲ ਸੀ। ਅੰਬਾਲੇ ਤੋਂ ਲੈ ਕੇ ਗੁਰਦਾਸਪੁਰ ਤਕ ਇਸ ਦੇ ਬਗ਼ੀਚੇ ਸਨ। ਦੁਆਬੇ ਨੂੰ ਤਾਂ ਅੰਬਾਂ ਦਾ ਘਰ ਮੰਨਿਆ ਜਾਂਦਾ ਸੀ।

ਕਿਹੜੇ ਤੇਰੇ ਅੰਬ ਤੋੜ ਲਏ

ਲੋਕ ਸਾਹਿਤ ਵਿਚ ਵੀ ਅੰਬਾਂ ਦਾ ਕਈ ਥਾਈਂ ਜ਼ਿਕਰ ਆਇਆ ਹੈ। 'ਅੰਬੀਆਂ ਨੂੰ ਤਰਸੇਂਗੀ ਛੱਡ ਕੇ ਦੇਸ਼ ਦੋਆਬਾ' ਤਾਂ ਬੱਚੇ-ਬੱਚੇ ਨੂੰ ਯਾਦ ਹੈ। ਹੁਸ਼ਿਆਰਪੁਰ ਵਿਚ ਤਾਂ ਹਰ ਕਿਸਾਨ ਦੇ ਖੇਤਾਂ ਵਿਚ ਇਕ ਦੋ ਬੂਟੇ ਅੰਬਾਂ ਦੇ ਜ਼ਰੂਰ ਹੁੰਦੇ ਸਨ। ਇਹ ਵੀ ਆਖਿਆ ਜਾਂਦਾ ਸੀ ਕਿ ਹੁਸ਼ਿਆਰਪੁਰੀਏ ਅੰਬੀਆਂ ਪੈਂਦਿਆਂ ਸਾਰ ਤੌੜੀਆਂ ਛਿੱਕੇ ਟੰਗ ਦਿੰਦੇ ਹਨ, ਭਾਵ ਰੋਟੀ ਖਾਣ ਲਈ ਅੰਬਾਂ ਤੋਂ ਬਣੇ ਪਦਾਰਥਾਂ ਦੀ ਹੀ ਵਰਤੋਂ ਕੀਤੀ ਜਾਂਦੀ ਸੀ। ਕੱਚੇ ਅੰਬਾਂ ਦਾ ਅਚਾਰ, ਅੰਬਰਸ ਤੇ ਹੋਰ ਕਈ ਕੁਝ ਬਣਦਾ ਸੀ। ਬੱਚਿਆਂ ਵੱਲੋਂ ਚੋਰੀ-ਛਿੱਪੇ ਅੰਬੀਆਂ ਤੋੜਨ ਦਾ ਵੀ ਯਤਨ ਕੀਤਾ ਜਾਂਦਾ ਸੀ। ਇਸ ਤੋਂ ਇਲਾਵਾ 'ਕਿਹੜੇ ਤੇਰੇ ਅੰਬ ਤੋੜ ਲਏ, ਕਾਹਨੂੰ ਮਾਰਦੈ ਜੱਟਾ ਲਲਕਾਰੇ' ਵੀ ਲੋਕਾਂ ਦੀ ਜ਼ੁਬਾਨ 'ਤੇ ਰਹਿੰਦਾ ਸੀ।

ਇਸ ਤੋਂ ਇਲਾਵਾ 'ਮੈਂ ਅੰਬ ਚੂਪਦੀ ਜਾਵਾਂ ਵੇ ਛਤਰੀ ਦੀ ਛਾਂ ਕਰ ਦੇ' ਗੀਤ ਤਾਂ ਲੰਬੇ ਸਮੇਂ ਤਕ ਰੇਡੀਓ ਤੋਂ ਸੁਣਾਈ ਦਿੰਦਾ ਰਿਹਾ ਹੈ। ਇਹ ਲੋਕ ਬੋਲੀਆਂ ਅਤੇ ਗੀਤ ਅੰਬ ਦੀ ਅਹਿਮੀਅਤ ਨੂੰ ਪ੍ਰਗਟ ਕਰਦੇ ਹਨ।

ਉੱਤਮ ਕਿਸਮਾਂ

ਮੁਰੱਬੇਬੰਦੀ ਸਮੇਂ ਅੰਬਾਂ ਦੇ ਲਗਭਗ ਸਾਰੇ ਹੀ ਬਗ਼ੀਚੇ ਪੁੱਟੇ ਗਏ। ਪੰਜਾਬ ਚੂਪਣ ਵਾਲੇ ਅੰਬਾਂ ਲਈ ਪ੍ਰਸਿੱਧ ਸੀ। ਚੂਪਣ ਵਾਲੇ ਅੰਬਾਂ ਵਿਚ ਵਧੇਰੇ ਖ਼ੁਰਾਕੀ ਤੱਤ ਹੁੰਦੇ ਹਨ ਅਤੇ ਇਹ ਆਸਾਨੀ ਨਾਲ ਪਚ ਜਾਂਦੇ ਹਨ। ਡਾ. ਮਹਿੰਦਰ ਸਿੰਘ ਰੰਧਾਵਾ ਹੁਸ਼ਿਆਰਪੁਰ ਜ਼ਿਲ੍ਹੇ ਨਾਲ ਸਬੰਧਤ ਹੋਣ ਕਾਰਨ ਅੰਬਾਂ ਦੇ ਬਹੁਤ ਸ਼ੌਕੀਨ ਸਨ। ਜਦੋਂ ਉਹ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਬਣੇ ਤਾਂ ਉਨ੍ਹਾਂ ਨੇ ਦੇਸੀ ਅੰਬਾਂ ਦੀ ਸਾਂਭ ਸੰਭਾਲ ਅਤੇ ਖੋਜ ਲਈ ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਗੰਗੀਆਂ ਵਿਖੇ ਇਕ ਖੋਜ ਕੇਂਦਰ ਬਣਵਾਇਆ। ਇਸ ਕੇਂਦਰ ਦੇ ਵਿਗਿਆਨੀਆਂ ਨੇ ਦੇਸੀ ਅੰਬਾਂ ਦੀਆਂ 19 ਵੰਨਗੀਆਂ ਇਕੱਠੀਆਂ ਕੀਤੀਆਂ।।ਇਨ੍ਹਾਂ ਵਿੱਚੋਂ 8 ਕਿਸਮਾਂ ਦੇ ਬੂਟੇ ਤਿਆਰ ਕਰ ਕੇ ਕਿਸਾਨਾਂ ਨੂੰ ਲਗਾਉਣ ਲਈ ਦਿੱਤੇ ਜਾ ਰਹੇ ਹਨ।

ਗੰਗੀਆਂ ਸੰਧੂਰੀ, ਸੀਐੱਨ-1 ਤੋਂ ਸੀਐੱਨ-7 ਚੂਪਣ ਵਾਲੇ ਅੰਬਾਂ ਦੀਆਂ ਵਧੀਆ ਕਿਸਮਾਂ ਹਨ। ਕਲਮੀ ਅੰਬਾਂ ਦੀ ਪੰਜਾਬ ਵਿਚ ਕਾਸ਼ਤ ਲਈ ਦੁਸਹਿਰੀ, ਲੰਗੜਾ, ਅਲਫੈਨਜ਼ੋ ਕਿਸਮਾਂ ਦੀ ਸਿਫ਼ਾਰਸ਼ ਕੀਤੀ ਗਈ ਹੈ। ਸਦਾਬਹਾਰ ਰੁੱਖ ਹੋਣ ਕਰਕੇ ਅੰਬਾਂ ਦੇ ਬੂਟੇ ਵੀ ਦੋਵਾਂ ਮੌਸਮਾਂ ਵਿਚ ਲਗਾਏ ਜਾ ਸਕਦੇ ਹਨ। ਅੰਬ ਜੂਨ ਤੋਂ ਅਗਸਤ ਤਕ ਪੱਕਦੇ ਹਨ। ਅੰਬ ਵਿਚ ਵਿਟਾਮਿਨ-ਏ, ਵਿਟਾਮਿਨ-ਸੀ ਅਤੇ ਲੋਹਾ ਭਰਪੂਰ ਮਾਤਰਾ ਵਿਚ ਹੁੰਦਾ ਹੈ। •

ਸਵਾਲ-ਜਵਾਬ

'ਪੰਜਾਬੀ ਜਾਗਰਣ' ਵੱਲੋਂ ਕਿਸਾਨਾਂ ਦੀਆਂ ਖੇਤੀ ਸਬੰਧੀ ਸਮੱਸਿਆਵਾਂ ਦੇ ਹੱਲ ਲਈ ਸਵਾਲ-ਜਵਾਬ ਦਾ ਸਿਲਸਿਲਾ ਸ਼ੁਰੂ ਕੀਤਾ ਜਾ ਰਿਹਾ ਹੈ। ਕਿਸਾਨ ਵੀਰ ਸੋਮਵਾਰ ਤੋਂ ਵੀਰਵਾਰ ਤਕ, ਦੁਪਹਿਰ 1:00 ਵਜੇ ਤੋਂ ਸ਼ਾਮ 5:00 ਵਜੇ ਤਕ ਫੋਨ ਨੰਬਰ 0181-660 6800, 3985700 'ਤੇ ਸੰਪਰਕ ਕਰ ਕੇ ਆਪਣੀ ਸਮੱਸਿਆ ਨੋਟ ਕਰਵਾ ਸਕਦੇ ਹਨ। ਅਸੀਂ ਮਾਹਿਰਾਂ ਪਾਸੋਂ ਇਸ ਸਬੰਧੀ ਰਾਏ ਪ੍ਰਾਪਤ ਕਰ ਕੇ ਸੋਮਵਾਰ ਦੇ 'ਹਰਿਆਵਲ' ਅੰਕ ਵਿਚ ਇਸ ਦਾ ਹੱਲ ਪ੍ਰਕਾਸ਼ਿਤ ਕਰਿਆ ਕਰਾਂਗੇ।

ਤੰਦਰੁਸਤੀ ਲਈ ਵਡਮੁੱਲੀ ਲੋੜ

ਜੈਵਿਕ ਦੁੱਧ ਉਤਪਾਦਨ

• ਡਾ. ਬਲਵਿੰਦਰ ਸਿੰਘ ਢਿੱਲੋਂ, ਡਾ. ਅਜੀਤਪਾਲ ਸਿੰਘ ਧਾਲੀਵਾਲ
94654-20097

ਜੈਵਿਕ ਖੇਤੀ 'ਚ ਰਸਾਇਣ ਵਰਤਣ ਦੀ ਮਨਾਹੀ ਹੈ ਤੇ ਇਸ ਵਿਚ ਜ਼ਮੀਨ ਦੀ ਉਪਜਾਊ ਸ਼ਕਤੀ ਵਧਾਉਣ ਤੇ ਫ਼ਸਲਾਂ ਨੂੰ ਲੋੜੀਂਦੇ ਖ਼ੁਰਾਕੀ ਤੱਤਾਂ ਦੀ ਪੂਰਤੀ ਲਈ ਫ਼ਸਲੀ ਚੱਕਰਾਂ, ਫ਼ਸਲੀ ਰਹਿੰਦ-ਖੂੰਹਦ, ਰੂੜੀ ਦੀ ਖਾਦ, ਕੰਪੋਸਟ, ਫਲੀਦਾਰ ਫ਼ਸਲਾਂ ਤੇ ਹਰੀ ਖਾਦ ਦੀ ਵਰਤੋਂ ਕੀਤੀ ਜਾਂਦੀ ਹੈ। ਜੈਵਿਕ ਦੁੱਧ ਤਿਆਰ ਕਰਨ ਲਈ ਜ਼ਰੂਰੀ ਹੈ ਕਿ ਜੈਵਿਕ ਮਿਆਰਾਂ ਦੀ ਪਾਲਣਾ ਕੀਤੀ ਜਾਵੇ :

ਜੈਵਿਕ ਦੁੱਧ ਦੇ ਲਾਭ

ਜੈਵਿਕ ਦੁੱਧ 'ਚ ਜ਼ਿਆਦਾ ਲਾਭਕਾਰੀ ਫੈਟੀ ਐਸਿਡ ਓਮੇਗਾ-3 ਤੇ ਘੱਟ ਨੁਕਸਾਨਦੇਹ ਓਮੇਗਾ-6 ਹੈ। ਓਮੇਗਾ-3 ਜ਼ਰੂਰੀ ਫੈਟੀ ਐਸਿਡ ਹੈ ਜੋ ਸਿਹਤ ਦੇ ਵਿਕਾਸ ਲਈ ਜ਼ਰੂਰੀ ਹੈ। ਇਸ ਦੀ ਘਾਟ ਨਾਲ ਵੱਖ-ਵੱਖ ਸਿਹਤ ਸਮੱਸਿਆਵਾਂ ਵਧ ਜਾਂਦੀਆਂ ਹਨ। ਓਮੇਗਾ-3 ਦੀ ਲਗਾਤਾਰ ਵਰਤੋਂ ਨਾਲ ਕਈ ਬਿਮਾਰੀਆਂ ਤੋਂ ਬਚਿਆ ਜਾ ਸਕਦਾ ਹੈ। ਇਹ ਦਿਲ ਦੀਆਂ ਬਿਮਾਰੀਆਂ, ਚਮੜੀ ਰੋਗ ਚੰਬਲ ਜਾਂ ਐਗਜ਼ੀਮਾ, ਕੈਂਸਰ, ਗਠੀਆ ਆਦਿ ਨੂੰ ਘਟਾਉਣ 'ਚ ਮਦਦ ਕਰਦਾ ਹੈ। ਜੈਵਿਕ ਦੁੱਧ ਵਿਚ ਵਧੇਰੇ ਮਾਤਰਾ 'ਚ ਸੰਗਠਿਤ ਲਿਨੋਲੀਏਕ ਐਸਿਡ ਹੁੰਦੇ ਹਨ। ਇਹ ਐਸਿਡ ਪਾਚਣ ਸਕਤੀ, ਰੋਗਾਂ ਨਾਲ ਲੜਨ ਦੀ ਸ਼ਕਤੀ ਅਤੇ ਮਾਸਪੇਸ਼ੀਆਂ ਦੇ ਵਿਕਾਸ ਨੂੰ ਵਧਾਉਂਦਾ ਹੈ। ਇਹ ਪੇਟ ਦੀ ਚਰਬੀ, ਕੋਲੈਸਟਰੋਲ ਤੇ ਐਲਰਜੀ ਵਰਗੀਆਂ ਸਮੱਸਿਆਵਾਂ ਨੂੰ ਵੀ ਘੱਟ ਕਰਦਾ ਹੈ। ਜੈਵਿਕ ਪਸ਼ੂ, ਜੈਵਿਕ ਤਰੀਕੇ ਨਾਲ ਤਿਆਰ ਕੀਤਾ ਗਿਆ ਹਰਾ ਚਾਰਾ, ਪਸ਼ੂ-ਖ਼ੁਰਾਕ ਖਾਂਦੇ ਹਨ, ਜਿਸ ਨਾਲ ਦੁੱਧ ਖ਼ਤਰਨਾਕ ਰਸਾਇਣਾਂ, ਜਿਵੇਂ ਕੀਟਨਾਸ਼ਕ, ਖਾਦ ਤੇ ਹਾਰਮੋਨਜ਼ ਦੇ ਰਹਿਦ-ਖੂੰਹਦ ਨਾਲ ਦੂਸ਼ਿਤ ਨਹੀਂ ਹੁੰਦਾ। ਇਸ ਤੋਂ ਇਲਾਵਾ ਪੌਸ਼ਟਿਕ ਤੌਰ 'ਤੇ ਗੁਣਕਾਰੀ ਇਸ ਦੁੱਧ ਵਿਚ ਐਂਟੀਬਾਇਓਟਿਕਸ, ਜੀਐੱਮ ਫੀਡ, ਯੂਰੀਆ ਜਾਂ ਪ੍ਰੋਟੀਨ ਹਾਰਮੋਨਜ਼ ਸ਼ਾਮਲ ਨਹੀਂ ਹੁੰਦੇ ਕਿਉਂਕਿ ਇਨ੍ਹਾਂ ਨੂੰ ਦੁੱਧ ਦਾ ਉਤਪਾਦਨ ਵਧਾਉਣ ਲਈ ਪਸ਼ੂਆਂ ਨੂੰ ਨਹੀਂ ਦਿੱਤਾ ਜਾਂਦਾ। ਜੈਵਿਕ ਦੁੱਧ 'ਚ ਗ਼ੈਰ-ਜੈਵਿਕ ਦੁੱਧ ਨਾਲੋਂ ਲੂਟੀਨ (Lutein) ਤੇ ਜ਼ੈਕਸਿੰਟਨ (Zeaxanthin) ਵਰਗੇ ਐਂਟੀ-ਆਕਸੀਡੈਂਟ ਦੀ ਦੋ ਤੋਂ ਤਿੰਨ ਗੁਣਾ ਜ਼ਿਆਦਾ ਮਾਤਰਾ ਹੁੰਦੀ ਹੈ। ਅੱਖਾਂ ਦੀਆਂ ਬਿਮਾਰੀਆਂ ਨੂੰ ਰੋਕਣ 'ਚ ਲੂਟੀਨ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਇਹ ਅੱਖਾਂ ਨੂੰ ਅਲਟਰਾ-ਵਾਇਲਟ ਕਿਰਨਾਂ ਦੇ ਬੁਰੇ ਪ੍ਰਭਾਵ ਤੋਂ ਵੀ ਬਚਾਉਂਦਾ ਹੈ।

ਰਵਾਇਤੀ ਤਰੀਕਿਆਂ ਨਾਲ ਪਾਲੇ ਪਸ਼ੂਆਂ ਤੋਂ ਪ੍ਰਾਪਤ ਦੁੱਧ ਦੇ ਮੁਕਾਬਲੇ ਜੈਵਿਕ ਢੰਗ ਨਾਲ ਪਾਲੇ ਪਸ਼ੂਆਂ ਦੇ ਦੁੱਧ 'ਚ ਵਿਟਾਮਿਨ-ਏ ਤੇ ਵਿਟਾਮਿਨ-ਈ ਦੀ ਵਧੇਰੇ ਹੁੰਦਾ ਹੈ ਕਿਉਂਕਿ ਪਸ਼ੂ ਜੈਵਿਕ ਤਰੀਕੇ ਨਾਲ ਤਿਆਰ ਕੀਤਾ ਹਰਾ ਚਾਰਾ, ਤਾਜ਼ਾ ਘਾਹ ਆਦਿ ਖਾਂਦੇ ਹਨ। ਇਸ ਲਈ ਪ੍ਰਾਪਤ ਦੁੱਧ 'ਚ ਕਰੀਬ 50 ਫ਼ੀਸਦੀ ਜ਼ਿਆਦਾ ਵਿਟਾਮਿਨ-ਈ ਤੇ 75 ਫ਼ੀਸਦੀ ਜ਼ਿਆਦਾ ਬੀਟਾ-ਕੈਰੋਟਿਨ ਹੁੰਦਾ ਹੈ।

ਸਮਾਂ ਸਕੇਲ

ਜ਼ਮੀਨ ਨੂੰ ਜੈਵਿਕ ਸਥਿਤੀ 'ਚ ਬਦਲਣ ਲਈ ਦੋ ਸਾਲ ਲਗਦੇ ਹਨ। ਜਿਸ ਦਿਨ ਜ਼ਮੀਨ ਪੂਰੀ ਤਰ੍ਹਾਂ ਜੈਵਿਕ ਹੋ ਜਾਵੇ ਉਸ ਦਿਨ ਤੋਂ ਜੈਵਿਕ ਦੁੱਧ ਤਿਆਰ ਕਰਨਾ ਸੰਭਵ ਹੁੰਦਾ ਹੈ। ਜੈਵਿਕ ਪ੍ਰਬੰਧਨ ਲਈ 9 ਮਹੀਨਿਆਂ ਤੋਂ ਸ਼ੁਰੂਆਤ ਕਰਨੀ ਚਾਹੀਦੀ ਹੈ ਤੇ ਛੇ ਮਹੀਨੇ ਦੀ ਖ਼ੁਰਾਕ ਹੋਣੀ ਲਾਜ਼ਮੀ ਹੈ।

ਜੈਵਿਕ ਚਾਰੇ ਦਾ ਉਤਪਾਦਨ

ਜੈਵਿਕ ਹਰੇ ਚਾਰੇ ਦੇ ਉਤਪਾਦਨ ਲਈ ਸਭ ਤੋਂ ਵਧੀਆ ਖੇਤ ਨੂੰ ਤਰਜੀਹ ਦੇਣੀ ਚਾਹੀਦੀ ਹੈ। ਮੁਢਲੇ ਤਿੰਨ-ਚਾਰ ਸਾਲ ਜੈਵਿਕ ਚਾਰੇ ਦਾ ਝਾੜ ਘੱਟ ਹੁੰਦਾ ਹੈ ਪਰ ਬਾਅਦ 'ਚ ਇਹ ਰਸਾਇਣਕ ਚਾਰੇ ਦੇ ਬਰਾਬਰ ਆ ਜਾਂਦਾ ਹੈ। ਘੱਟੋ-ਘੱਟ 60 ਫ਼ੀਸਦੀ ਚਾਰਾ ਜੈਵਿਕ ਸਰੋਤਾਂ ਤੋਂ ਆਉਣਾ ਚਾਹੀਦਾ ਹੈ। ਆਮ ਤੌਰ 'ਤੇ ਚਰਾਂਦਾਂ ਦੀ ਕਟਾਈ ਤੇ ਸਰਦੀਆਂ ਲਈ ਸੁਰੱਖਿਅਤ ਰੱਖਿਆ ਚਾਰਾ ਜੈਵਿਕ ਫਾਰਮ ਤੋਂ ਪ੍ਰਾਪਤ ਕੀਤਾ ਗਿਆ ਹੋਵੇ। ਜੈਵਿਕ ਚਾਰੇ ਦੇ ਉਤਪਾਦਨ ਲਈ ਫ਼ਸਲਾਂ ਦੇ ਕਾਸ਼ਤਕਾਰੀ ਢੰਗ ਆਮ ਫ਼ਸਲਾਂ ਵਾਂਗ ਹੀ ਹਨ ਪਰ ਜੈਵਿਕ ਚਾਰੇ ਵਾਲੀਆਂ ਫ਼ਸਲਾਂ 'ਚ ਰਸਾਇਣਕ ਖਾਦਾਂ, ਨਦੀਨਨਾਸ਼ਕਾਂ, ਕੀਟਨਾਸ਼ਕਾਂ ਤੇ ਉੱਲੀਨਾਸ਼ਕਾਂ ਦੀ ਵਰਤੋਂ ਨਹੀਂ ਕਰਨੀ ਚਾਹੀਦਾ।

ਹਰੇ ਚਾਰੇ ਦੇ ਵੱਖ-ਵੱਖ ਫ਼ਸਲੀ ਚੱਕਰ

ਮੱਕੀ-ਬਰਸੀਮ-ਬਾਜਰਾ : ਖੇਤ 'ਚ 3.5 ਟਨ ਪ੍ਰਤੀ ਏਕੜ (1 ਫ਼ੀਸਦੀ ਨਾਈਟ੍ਰੋਜਨ) ਪਾਉ ਤੇ ਅਗਸਤ ਦੇ ਦੂਜੇ ਹਫ਼ਤੇ ਮੱਕੀ ਬੀਜੋ। 50-60 ਦਿਨਾਂ ਬਾਅਦ ਜਦੋਂ ਫ਼ਸਲ ਦੋਧੇ 'ਤੇ ਹੋਵੇ ਤਾਂ ਕੱਟ ਲਵੋ। ਉਸ ਤੋਂ ਬਾਅਦ ਇਕ ਟਨ ਰੂੜੀ ਪ੍ਰਤੀ ਏਕੜ ਖੇਤ 'ਚ ਪਾ ਕੇ ਅਕਤੂਬਰ ਦੇ ਦੂਜੇ ਹਫ਼ਤੇ ਬਰਸੀਮ ਬੀਜੋ। ਇਸ ਤੋਂ 4-5 ਕਟਾਈਆਂ ਲਈਆਂ ਜਾ ਸਕਦੀਆਂ ਹਨ। ਬਰਸੀਮ ਦੀ ਕਟਾਈ ਤੋਂ ਬਾਅਦ 2 ਟਨ ਸੁੱਕੀ ਰੂੜੀ ਪ੍ਰਤੀ ਏਕੜ ਸੁੱਕੀ ਰੂੜੀ ਪਾਉ ਅਤੇ ਜੂਨ ਦੇ ਦੂਜੇ ਹਫ਼ਤੇ ਬਾਜਰਾ ਬੀਜ ਦੇਵੋ, ਜਿਸ ਨੂੰ ਬਿਜਾਈ ਤੋਂ 45-55 ਦਿਨ ਬਾਅਦ ਸਿੱਟੇ ਨਿਕਲਣੇ ਸ਼ੁਰੂ ਹੋਣ 'ਚੇ ਕੱਟ ਲਵੋ। ਰੂੜੀ ਦੀ ਮਾਤਰਾ ਉਸ ਵਿਚ ਨਾਈਟ੍ਰੋਜਨ ਤੱਤ ਦੀ ਮਾਤਰਾ ਦੇ ਹਿਸਾਬ ਨਾਲ ਵਧਾਈ ਘਟਾਈਅ ਜਾ ਸਕਦੀ ਹੈ।

ਮੱਕੀ-ਬਰਸੀਮ-ਮੱਕੀ+ਰਵਾਂਹ : ਖੇਤ ਵਿਚ 3.5 ਟਨ ਪ੍ਰਤੀ ਏਕੜ ਸੁੱਕੀ ਰੂੜੀ (ਇਕ ਫ਼ੀਸਦੀ ਨਾਈਟ੍ਰੋਜਨ) ਪਾਉ ਤੇ ਅਗਸਤ ਦੇ ਦੂਜੇ ਹਫ਼ਤੇ ਮੱਕੀ ਬੀਜੋ। 50-60 ਦਿਨਾਂ ਬਾਅਦ ਜਦੋਂ ਫ਼ਸਲ ਦੋਧੇ 'ਤੇ ਹੋਵੇ ਤਾਂ ਕੱਟ ਲਵੋ। ਉਸ ਤੋਂ ਬਾਅਦ ਖੇਤ 'ਚ ਇਕ ਟਨ ਰੂੜੀ ਪ੍ਰਤੀ ਏਕੜ ਦੇ ਪਾ ਕੇ ਅਕਤੂਬਰ ਦੇ ਦੂਜੇ ਹਫ਼ਤੇ ਬਰਸੀਮ ਬੀਜੋ। ਇਸ ਤੋਂ 4-5 ਕਟਾਈਆਂ ਲਈਆਂ ਜਾ ਸਕਦੀਆਂ ਹਨ। ਬਰਸੀਮ ਦੀ ਕਟਾਈ ਤੋਂ ਬਾਅਦ 3.5 ਟਨ ਸੁੱਕੀ ਰੂੜੀ ਪ੍ਰਤੀ ਏਕੜ ਪਾਉ ਤੇ ਜੂਨ ਦੇ ਦੂਜੇ ਹਫ਼ਤੇ ਮੱਕੀ ਤੇ ਰਵਾਂਹ ਰਲਾ ਕੇ ਬੀਜੋ। ਇਸ ਲਈ 15 ਕਿੱਲੋ ਮੱਕੀ ਦਾ ਬੀਜ ਤੇ 15 ਕਿੱਲੋ ਰਵਾਂਹ-88 ਕਿਸਮ ਜਾਂ 6 ਕਿੱਲੋ ਸੀਐੱਲ-367 ਕਿਸਮ ਦਾ ਬੀਜ ਵਰਤੋ।

ਪਸ਼ੂ-ਖ਼ੁਰਾਕ

ਪਸ਼ੂ ਖ਼ੁਰਾਕ ਵਾਸਤੇ ਦਾਣੇਦਾਰ ਜੈਵਿਕ ਫ਼ਸਲਾਂ ਦੀ ਕਾਸ਼ਤ ਕੀਤੀ ਜਾ ਸਕਦੀ ਹੈ। ਜੈਵਿਕ ਖਲ ਖ਼ਰੀਦੀ ਵੀ ਜਾ ਸਕਦੀ ਹੈ। ਮਿਸ਼ਰਤ ਖ਼ੁਰਾਕ 100 ਫ਼ੀਸਦੀਜੈਵਿਕ ਹੋਣੀ ਚਾਹੀਦੀ ਹੈ। ਵਿਸ਼ੇਸ਼ ਤੌਰ 'ਤੇ ਪ੍ਰੋਟੀਨ ਸਰੋਤ ਫਾਰਮ 'ਤੇ ਪੈਦਾ ਕਰਨੇ ਔਖੇ ਹਨ ਇਸ ਲਈ ਇਨ੍ਹਾਂ ਨੂੰ ਖ਼ਰੀਦਿਆ ਜਾ ਸਕਦਾ ਹੈ।

ਚਰਾਗਾਹਾਂ

ਚਰਾਗਾਹਾਂ ਜਾਂ ਚਰਾਂਦਾਂ ਦੀ ਸਥਾਪਤੀ ਅਤੇ ਪ੍ਰਬੰਧਨ ਜੈਵਿਕ ਡੇਅਰੀ ਫਾਰਮਾਂ ਦੀ ਸਫਲਤਾ ਲਈ ਬੇਹੱਦ ਅਹਿਮ ਹੈ ਕਿਉਂਕਿ ਇਹ ਨਾਈਟ੍ਰੋਜਨ ਦਾ ਮੁੱਖ ਸਰੋਤ ਹਨ। ਉਤਪਾਦਕਤਾ ਦੇ ਚੰਗੇ ਪੱਧਰ ਨੂੰ ਕਾਇਮ ਰੱਖਣ ਲਈ ਚਰਾਂਦਾਂ ਦੀ ਲੋੜ ਹੁੰਦੀ ਹੈ। ਰਸਾਇਣਕ ਖਾਦਾਂ ਪਸ਼ੂ ਖ਼ੁਰਾਕ ਜਾਂ ਹਰੇ ਚਾਰੇ ਦੇ ਉਤਪਾਦਨ 'ਚ ਨਹੀਂ ਵਰਤਣੀਆਂ ਹੁੰਦੀਆਂ ਪਰ ਚੂਨਾ ਤੇ ਪੌਸ਼ਟਿਕ ਤੱਤਾਂ ਦੇ ਕੁਝ ਕੁਦਰਤੀ ਸਰੋਤ ਵਰਤੇ ਜਾ ਸਕਦੇ ਹਨ।

ਪਸ਼ੂ ਢਾਰੇ

ਪਸ਼ੂਆਂ ਲਈ ਰਿਹਾਇਸ਼ੀ ਮਾਹੌਲ, ਵਿੱਤੀ ਸਥਿਤੀ ਕਿਸਾਨ ਦੀ ਤਰਜੀਹ ਦੇ ਆਧਾਰ 'ਤੇ ਹੁੰਦੀ ਹੈ। ਬੇਆਰਾਮੀ, ਗੰਦੇ ਹਾਲਾਤ ਤੇ ਹਵਾਦਾਰੀ ਤੋਂ ਦੂਰ ਰੱਖੇ ਜਾਣ ਵਾਲੇ ਪਸ਼ੂਆਂ ਦੇ ਇਮਿਊਨ ਸਿਸਟਮ 'ਚ ਖ਼ਰਾਬੀ ਆ ਜਾਂਦੀ ਹੈ। ਦੁਧਾਰੂ ਪਸ਼ੂ, ਖ਼ਾਸ ਕਰਕੇ ਗਾਵਾਂ ਬਿਮਾਰੀ ਪ੍ਰਤੀ ਵਧੇਰੇ ਸੰਵੇਦਨਸ਼ੀਲ ਹੁੰਦੀਆਂ ਹਨ। ਪਸ਼ੂ ਢਾਰੇ ਅਜਿਹੇ ਹੋਣੇ ਚਾਹੀਦੀ ਹਨ ਕਿ ਉਨ੍ਹਾਂ ਅੰਦਰ ਤਾਜ਼ੀ ਹਵਾ ਆਉਂਦੀ-ਜਾਂਦੀ ਰਹੇ। ਸਰਦੀਆਂ ਦੌਰਾਨ ਬਾਹਰਲੇ ਅਤੇ ਅੰਦਰਲੇ ਤਾਪਮਾਨ ਦਾ ਅੰਤਰ 100 ਡਿਗਰੀ ਫਾਰਨਹੀਟ ਤੋਂ ਜ਼ਿਆਦਾ ਨਹੀਂ ਹੋਣਾ ਚਾਹੀਦਾ।

ਪਸ਼ੂਆਂ ਦੀ ਸਿਹਤ ਸੰਭਾਲ

ਜਾਨਵਰਾਂ ਦੀ ਸਿਹਤ ਲਈ ਵਿਸਤ੍ਰਿਤ ਯੋਜਨਾ ਤਿਆਰ ਕੀਤੀ ਜਾਣੀ ਚਾਹੀਦੀ ਹੈ। ਕਿਸੇ ਵੈਟਰਨਰੀ ਸਰਜਨ ਨਾਲ ਮਿਲ ਕੇ, ਪਸ਼ੂਆਂ ਦੀ ਵਧੀਆ ਸਿਹਤ ਨੂੰ ਉਤਸ਼ਾਹਿਤ ਕਰਨ ਤੇ ਪਸ਼ੂਆਂ ਦੀ ਦਵਾਈਆਂ 'ਤੇ ਨਿਰਭਰਤਾ ਨੂੰ ਘੱਟ ਕਰਨ ਦੇ ਉਪਰਾਲੇ ਕਰਨੇ ਚਾਹੀਦੇ ਹਨ

ਸਟੀਫਨ ਇੰਟਰਨੈਸ਼ਨਲ ਸਕੂਲ ਵਲੋਂ ਅਧਿਆਪਕਾਂ ਦੇ ਜਜ਼ਬਾਤੀ ਹੁਨਰ ਨੂੰ ਨਿਖਾਰਨ ਲਈ ਇੰਡੀਅਨਿਕਾ ਪਬਲੀਕੇਸ਼ਨਜ਼ ਦੇ ਸਹਿਯੋਗ ਨਾਲ, ਸੰਗਰੂਰ ਵਿੱਚ ਇੱਕ ਵਿਸ਼ੇਸ਼ ਵਰਕਸ਼ਾਪ ਦਾ ਕੀਤਾ ਆਯੋਜਨ

ਸੁਨਾਮ, 3 ਜੁਲਾਈ
-ਕੌਮੀ ਪੱਤ੍ਰਿਕਾ ਬਿਊਰੋ-

ਅਧਿਆਪਕਾਂ ਦੇ ਜਜ਼ਬਾਤੀ ਹੁਨਰ ਨੂੰ ਨਿਖਾਰਨ ਲਈ ਇੰਡੀਅਨਿਕਾ ਪਬਲੀਕੇਸ਼ਨਜ਼ ਦੇ ਸਹਿਯੋਗ ਨਾਲ ਸਕੂਲ ਦੀ ਡਾਇਰੈਕਟਰ ਪ੍ਰਿੰਸੀਪਲ ਮੈਡਮ ਸ਼੍ਰੀਮਤੀ ਮੋਨਿਕਾ ਸ਼ਰਮਾ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਸਟੀਫਨ ਇੰਟਰਨੈਸ਼ਨਲ ਸਕੂਲ, ਸੰਗਰੂਰ ਵਿੱਚ ਇੱਕ ਵਿਸ਼ੇਸ਼ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ।

ਸ਼੍ਰੀ ਸੌਰਵ ਬੈਨੀਵਾਲ ਭਾਵਨਾਤਮਕ ਇੰਟੈਲੀਜੈਂਸ ਵਿਸ਼ੇ 'ਤੇ ਨਵੀਂ ਦਿੱਲੀ ਤੋਂ ਸਰੋਤ ਵਿਅਕਤੀ ਸਨ। ਮੁੱਖ ਫੋਕਸ ਇਸਦੇ ਬੁਨਿਆਦੀ ਕਾਰਕਾਂ ਜਿਵੇਂ ਕਿ ਐਨਕਪਾਸ, ਸਵੈ ਜਾਗਰੂਕਤਾ, ਪ੍ਰੇਰਣਾ, ਹਮਦਰਦੀ ਅਤੇ ਸਮਾਜਿਕ ਹੁਨਰ 'ਤੇ ਸੀ। ਇਹ ਮੂਲ ਰੂਪ ਵਿੱਚ ਇੱਕ ਆਤਮ ਨਿਰੀਖਣ ਦੀ ਯਾਤਰਾ ਸੀ। ਗਿਆਨ ਸ਼ਕਤੀ ਬਣ ਜਾਂਦਾ ਹੈ ਜਦੋਂ ਇਸ ਵਿੱਚ ਕਿਰਿਆਵਾਂ ਜੋੜੀਆਂ ਜਾਂਦੀਆਂ ਹਨ।

ਰਿਸੋਰਸ ਪਰਸਨ ਨੇ ਅਧਿਆਪਕਾਂ ਨੂੰ ਇਹ ਅਹਿਸਾਸ ਕਰਵਾਇਆ ਕਿ ਕੰਫਰਟ ਜ਼ੋਨ ਵਿੱਚ ਕੋਈ ਵਾਧਾ ਨਹੀਂ ਹੁੰਦਾ ਅਤੇ ਵਿਕਾਸ ਜ਼ੋਨ ਵਿੱਚ ਕੋਈ ਆਰਾਮ ਨਹੀਂ ਹੁੰਦਾ। ਟੀਮ ਵਰਕ, ਤਾਲਮੇਲ ਅਤੇ ਚੰਗੇ ਸੰਚਾਰ ਦੀ ਸ਼ਕਤੀ ਨੂੰ ਸਾਬਤ ਕਰਨ ਲਈ ਬਹੁਤ ਸਾਰੀਆਂ ਗਤੀਵਿਧੀਆਂ ਕੀਤੀਆਂ ਗਈਆਂ ਸਨ.

ਸੀਨੀਅਰ ਕੋਆਰਡੀਨੇਟਰ ਸ਼੍ਰੀਮਤੀ ਮੀਨਾ ਸੈਣੀ ਨੇ ਰਿਸੋਰਸ ਪਰਸਨ ਅਤੇ ਇੰਡੀਅਨਿਕਾ ਪਬਲੀਕੇਸ਼ਨ ਦੇ ਸ਼੍ਰੀ ਹਿਮਾਂਸ਼ੂ ਦੀ ਬਹੁਤ ਹੀ ਪ੍ਰਭਾਵਸ਼ਾਲੀ ਢੰਗ ਨਾਲ ਜਾਣ-ਪਛਾਣ ਕਰਵਾਈ।

ਜਾਗਰੂਕਤਾ ਅਤੇ ਮਾਨਸਿਕਤਾ ਨਾਲ ਸਬੰਧਤ ਮੁਕਾਬਲੇ ਦੇ ਰੂਪ ਵਿੱਚ ਇੱਕ ਗਤੀਵਿਧੀ ਕਰਵਾਈ ਗਈ ਜਿਸ ਵਿੱਚ ਸ੍ਰੀ ਜਸਵਿੰਦਰ ਨੂੰ ਇਨਾਮ ਵਜੋਂ ਇੱਕ ਪੈਨ ਮਿਲਿਆ।

ਅਸੀਂ ਕੰਮ ਵਾਲੀ ਥਾਂ ਅਤੇ ਘਰ ਬਾਰੇ ਸੋਚਦੇ ਹੋਏ ਪੈਂਡੂਲਮ ਵਾਂਗ ਜ਼ਿੰਦਗੀ ਜੀਉਂਦੇ ਹਾਂ ਪਰ ਇੱਕ ਅਧਿਆਪਕ ਰਾਕਸਟਾਰ ਬਣ ਜਾਂਦਾ ਹੈ ਜੇਕਰ ਉਹ ਆਪਣੀਆਂ ਨਿੱਜੀ ਸਮੱਸਿਆਵਾਂ ਨੂੰ ਭੁੱਲ ਕੇ ਕਲਾਸ ਵਿੱਚ ਦਾਖਲ ਹੁੰਦਾ ਹੈ।

ਅੰਤ ਵਿੱਚ ਸਕੂਲ ਦੇ ਸੀਨੀਅਰ ਕਾਰਜਕਾਰੀ ਸ਼੍ਰੀ ਬਲਵਿੰਦਰ ਸਿੰਘ ਵੱਲੋਂ ਧੰਨਵਾਦ ਦਾ ਮਤਾ ਦਿੱਤਾ ਗਿਆ। ਉਨ੍ਹਾਂ ਨੇ ਸਕੂਲ ਦੇ ਚੇਅਰਮੈਨ ਸ੍ਰੀ ਦੀਪਕ ਗੁਪਤਾ ਦਾ ਅਜਿਹੀ ਸੁੰਦਰ, ਸ਼ਾਨਦਾਰ ਅਤੇ ਇੰਟਰਐਕਟਿਵ ਵਰਕਸ਼ਾਪ ਲਈ ਬਹੁਤ ਸਹਿਯੋਗ ਦੇਣ ਲਈ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ।

ਪਿੰਡ ਸਮਗੌਲੀ ਦੀ ਵਿਧਵਾ ਔਰਤ ਨੇ ਹੋਮ ਗਾਰਡ ਮੁਲਾਜ਼ਮ ਤੇ ਲਗਾਇਆ ਬਦਸਲੂਕੀ ਕਰਨ ਦਾ ਦੋਸ਼

ਡੇਰਾ ਬਸੀ, 3 ਜੁਲਾਈ
-ਕੌਮੀ ਪੱਤ੍ਰਿਕਾ ਬਿਊਰੋ-

ਡੇਰਾਬੱਸੀ ਪੁਲਿਸ ਥਾਣੇ ਅਧੀਨ ਪੈਂਦੇ ਪਿੰਡ ਸਮਗੌਲੀ ਦੀ ਰਹਿਣ ਵਾਲੀ ਵਿਧਵਾ ਔਰਤ ਨੇ ਪਿੰਡ ਦੇ ਹੀ ਰਹਿਣ ਵਾਲੇ ਇੱਕ ਵਿਆਕਤੀ ਤੇ ਉਸ ਨਾਲ ਬਦਸਲੂਕੀ ਕਰਨ ਅਤੇ ਕੁੱਟਮਾਰ ਕਰਨ ਦੇ ਗੰਭੀਰ ਦੋਸ਼ ਲਗਾਏ ਹਨ।ਔਰਤ ਨਾਲ ਬਦਸਲੂਕੀ ਕਰਨ ਵਾਲਾ ਵਿਆਕਤੀ ਹੋਮਗਾਰਡ ਦਾ ਮੁਲਾਜ਼ਮ ਦੱਸਿਆ ਜਾ ਰਿਹਾ ਹੈ। ਪੀੜਤ ਔਰਤ ਡੇਰਾਬੱਸੀ ਦੇ ਸਿਵਲ ਹਸਪਤਾਲ ਵਿੱਚ ਜੇਰੇ ਇਲਾਜ ਹੈ।

ਪ੍ਰਾਪਤ ਜਾਣਕਾਰੀ ਅਨੁਸਾਰ ਪੀੜਤ ਔਰਤ ਕਾਂਤਾ ਦੇਵੀ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਉਹ ਪਿੰਡ ਸਮਗੌਲੀ ਦੀ ਰਹਿਣ ਵਾਲੀ ਹੈ ਅਤੇ ਮਜ਼ਦੂਰੀ ਕਰਕੇ ਆਪਣੇ ਬੱਚਿਆਂ ਦਾ ਪਾਲਣ ਪੋਸ਼ਣ ਕਰਦੀ ਹੈ। ਉਹ ਬੀਤੀ 13 ਜੂਨ ਨੂੰ ਆਪਣੀਆਂ ਬੱਕਰੀਆਂ ਦੇ ਚਾਰੇ ਲਈ ਪੰਚਾਇਤੀ ਜਮੀਨ ਵਿੱਚ ਗਈ ਸੀ, ਜਿੱਥੇ ਇੱਕ ਨਿੰਮ ਦਾ ਦਰਖਤ ਲੱਗਿਆ ਹੋਇਆ ਹੈ, ਜਿਥੋਂ ਕਿ ਉਹ ਬੱਕਰੀਆਂ ਦੇ ਚਾਰੇ ਲਈ ਪੱਤੇ ਤੋੜਨ ਲੱਗੀ ਤਾਂ ਇਸੇ ਦੌਰਾਨ ਗੁਲਜ਼ਾਰ ਸਿੰਘ ਜੋਂ ਕਿ ਪੰਜਾਬ ਹੋਮਗਾਰਡ ਦਾ ਮੁਲਾਜਮ ਹੈ ਬਿਨਾਂ ਕਿਸੇ ਗੱਲ ਤੋਂ ਉਸ ਨਾਲ ਗਾਲੀ ਗਲੋਚ ਕਰਨ ਲੱਗਾ ਅਤੇ ਉਸ ਨੂੰ ਜਾਤੀ ਸੂਚਕ ਸ਼ਬਦ ਬੋਲਣ ਲੱਗਾ। ਜਦੋਂ ਉਸ ਨੇ ਇਸ ਦਾ ਵਿਰੋਧ ਕੀਤਾ ਤਾਂ ਉਕਤ ਵਿਅਕਤੀ ਨੇ ਉਸ ਦੀ ਬੁਰੀ ਤਰਾਂ ਮਾਰਕੁੱਟ ਕੀਤੀ ਅਤੇ ਉਸ ਦੇ ਕੱਪੜੇ ਪਾੜ ਦਿੱਤੇ। ਜਿਸ ਤੋਂ ਬਾਅਦ ਉਸ ਨੇ ਇਸ ਦੀ ਸ਼ਿਕਾਇਤ ਥਾਣਾ ਡੇਰਾਬੱਸੀ ਵਿੱਚ ਦਰਜ ਕਰਵਾ ਦਿੱਤੀ ਸੀ।

ਜਿਸ ਤੋਂ ਬਾਅਦ ਉਸ ਨੇ ਸਿਵਲ ਹਸਪਤਾਲ ਡੇਰਾਬੱਸੀ ਤੋਂ ਆਪਣਾ ਇਲਾਜ ਕਰਵਾਇਆ। ਉਸ ਨੇ ਦੱਸਿਆ ਕਿ ਵਾਰਦਾਤ ਦੇ 15 ਦਿਨ ਬੀਤ ਜਾਣ ਤੋਂ ਬਾਅਦ ਵੀ ਅੱਜ ਤੱਕ ਕਿਸੇ ਨੇ ਉਸ ਦੀ ਕੋਈ ਸੁਣਵਾਈ ਨਹੀਂ ਕੀਤੀ। ਉਸ ਨੇ ਇਸ ਲਈ ਹਲਕਾ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਨੂੰ ਵੀ ਇਨਸਾਫ ਦੀ ਮੰਗ ਕੀਤੀ ਸੀ। ਜਿਸ ਤੋਂ ਬਾਅਦ ਉਸ ਨੇ ਹੁਣ ਪੰਜਾਬ ਦੇ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਨੂੰ ਇਨਸਾਫ ਦਿਵਾਉਣ ਦੀ ਅਪੀਲ ਕੀਤੀ ਹੈ।

ਹੋਮ ਗਾਰਡ ਜਵਾਨ ਨੇ ਦੋਸ਼ਾਂ ਨੂੰ ਨਕਾਰਿਆ

ਜਦੋਂ ਇਸ ਬਾਰੇ ਗੁਲਜ਼ਾਰ ਸਿੰਘ ਪੰਜਾਬ ਹੋਮ ਗਾਰਡ ਦੇ ਮੁਲਾਜ਼ਮ ਨਾਲ ਸੰਪਰਕ ਕੀਤਾ ਤਾਂ ਉਨ੍ਹਾਂ ਕਿਹਾ ਕਿ ਉਸ ਦੇ ਘਰ ਦੇ ਨਾਲ ਕਿਸੇ ਵਿਅਕਤੀ ਦਾ ਖਾਲੀ ਪਲਾਟ ਸਥਿਤ ਹੈ। ਜਿਸ ਦੀ ਉਸ ਦੇ ਮਾਲਕ ਨੇ ਰਾਖੀ ਰੱਖਣ ਲਈ ਉਸ ਨੂੰ ਕਿਹਾ ਹੋਇਆ ਸੀ। ਉਸ ਦੇ ਖਾਲੀ ਪਲਾਟ ਵਿੱਚ ਨਿੰਮ ਦਾ ਦਰਖਤ ਖੜਾਂ ਹੈ। ਜਿਥੋਂ ਕਾਂਤਾ ਦੇਵੀ ਆਪਣੀ ਬੱਕਰਿਆਂ ਲਈ ਪੱਤੇ ਤੋੜਨ ਲਈ ਆਈ ਸੀ। ਜਿਸ ਤੋਂ ਬਾਅਦ ਉਸ ਨੇ ਪੱਤੇ ਤੋੜਨ ਤੋਂ ਮਨਾਂ ਉਪਰ ਦਿੱਤਾ ਸੀ। ਜਿਸ ਤੋਂ ਉਸ ਨੇ ਉਸ ਦੇ ਖਿਲਾਫ ਪੁਲਿਸ ਸਟੇਸ਼ਨ ਡੇਰਾਬੱਸੀ ਵਿਖੇ ਝੂੱਠੀ ਦਰਖਾਸਤ ਦੇ ਕੇ ਉਸ ਦੇ ਖਿਲਾਫ ਦੋਸ ਲਗਾਕੇ ਉਸਨੂੰ ਖੱਜਲ ਖੁਆਰ ਕੀਤਾ ਜਾ ਰਿਹਾ ਹੈ। ਉਸ ਦੇ ਖਿਲਾਫ ਲਗਾਏ ਦੋਸ਼ ਝੂੱਠੇ ਅਤੇ ਬੇਬੁਨਿਆਦ ਹਨ। ਉਸ ਨੇ ਦੱਸਿਆ ਕਿ ਪਿੰਡ ਦੇ ਕੁੱਝ ਵਿਅਕਤੀਆਂ ਜਾਣ ਬੁੱਝ ਕੇ ਇਸ ਮਾਮਲੇ ਨੂੰ ਹਵਾ ਦੇ ਰਹੇ ਹਨ।

ਨਵਾਂਗਾਓਂ 'ਚ ਜਲਦ ਹੀ ਸੀਵਰੇਜ ਟ੍ਰੀਟਮੈਂਟ ਪਲਾਂਟ ਲੱਗ ਰਿਹਾ ਹ

ਨਿਊ ਚੰਡੀਗੜ੍ਹ, 3 ਜੁਲਾਈ
-ਕੌਮੀ ਪੱਤ੍ਰਿਕਾ ਬਿਊਰੋ-

ਨਵਾਂਗਾਓਂ ਵਿੱਚ ਕੋਈ ਸੀਵਰੇਜ ਟਰੀਟਮੈਂਟ ਪਲਾਂਟ ਨਹੀਂ ਸੀ ਪਰ 2011 ਵਿੱਚ ਪੰਜਾਬ ਦੇ ਤਤਕਾਲੀ ਮੁੱਖ ਮੰਤਰੀ ਸਵਰਗੀ ਪ੍ਰਕਾਸ਼ ਸਿੰਘ ਬਾਦਲ ਨੇ ਥਾਂ ਦੀ ਘਾਟ ਕਾਰਨ ਨਾਡਾ ਪੁਲ 'ਤੇ ਸੀਵਰੇਜ ਟਰੀਟਮੈਂਟ ਪਲਾਂਟ ਦਾ ਨੀਂਹ ਪੱਥਰ ਰੱਖਿਆ ਸੀ। ਪਰ ਉਦੋਂ ਤੋਂ ਹੀ ਨਗਰ ਕੌਂਸਲ ਨੂੰ ਸੀਵਰੇਜ ਟਰੀਟਮੈਂਟ ਪਲਾਂਟ ਲਈ ਜਗ੍ਹਾ ਨਹੀਂ ਮਿਲ ਸਕੀ। ਤਕਰੀਬਨ 13 ਸਾਲ ਹੋ ਗਏ ਹਨ। ਇਸ ਸਬੰਧੀ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਕੇਸ ਵੀ ਚੱਲ ਰਿਹਾ ਸੀ। ਪ੍ਰਸ਼ਾਸਨ ਵੱਲੋਂ ਕਈ ਵਾਰ ਪਿੰਡ ਵਿੱਚ ਅਤੇ ਕਦੇ ਕਿਸੇ ਹੋਰ ਥਾਂ ਦਾ ਦੌਰਾ ਕੀਤਾ ਗਿਆ। ਇੱਕ ਥਾਂ ਪਟਿਆਲਾ ਵਿੱਚ ਰਾਓ ਨਦੀ ਦੇ ਕੰਢੇ ਸਮਾਜ ਸੇਵੀ ਨਗਿੰਦਰ ਕਾਹਲੋਂ ਪੁੱਤਰ ਹਰਭਜਨ ਸਿੰਘ ਕਾਹਲੋਂ ਨੂੰ ਸੀਵਰੇਜ ਟਰੀਟਮੈਂਟ ਪਲਾਂਟ ਲਈ ਜਗ੍ਹਾ ਦਾਨ ਕਰਨ ਲਈ ਕਿਹਾ ਗਿਆ।

ਜਿਸ ਤੋਂ ਬਾਅਦ ਨਗਰ ਕੌਂਸਲ ਵੱਲੋਂ ਮਾਨਯੋਗ ਹਾਈਕੋਰਟ ਵਿੱਚ ਹਲਫਨਾਮਾ ਪੇਸ਼ ਕੀਤਾ ਗਿਆ ਸੀ, ਜਿਸ ਲਈ ਪੰਜਾਬ ਅਤੇ ਹਰਿਆਣਾ ਹਾਈਕੋਰਟ ਵੱਲੋਂ ਸਥਾਨਕ ਕਮਿਸ਼ਨਰ ਮਨਵਿੰਦਰ ਸਿੰਘ ਦਲਾਲ ਦੀ ਕੀਤੀ ਗਈ ਰਿਪੋਰਟ ਅਨੁਸਾਰ ਸੀਵਰੇਜ ਟਰੀਟਮੈਂਟ ਪਲਾਂਟ ਲਈ ਜ਼ਮੀਨ ਸੀ ਨਗਿੰਦਰ ਕਾਹਲੋਂ ਵੱਲੋਂ ਦਿੱਤੀ ਜਾ ਰਹੀ ਹੈ। ਫਿਰ ਅੱਜ ਨਗਰ ਕੌਂਸਲ ਦੇ ਕਾਰਜਸਾਧਕ ਅਫ਼ਸਰ ਰਵੀ ਜਿੰਦਲ, ਜੇ.ਈ ਅਮਨਦੀਪ ਸ਼ਰਮਾ, ਐਸ.ਆਈ ਬਲਵਿੰਦਰ ਸਿੰਘ, ਉਮੇਸ਼ ਕੁਮਾਰ, ਸਤਬੀਰ ਸਿੰਘ, ਡਿਊਟੀ ਮੈਜਿਸਟ੍ਰੇਟ ਨਾਇਬ ਤਹਿਸੀਲਦਾਰ ਮੈਡਮ ਜਸਵਿੰਦਰ ਕੌਰ, ਆਰ.ਸੀ.ਕਰਨਲ ਰਣਇੰਦਰ ਸਿੰਘ, ਇਲਾਕੇ ਦੇ ਪਟਵਾਰੀ, ਨਵਾਂਗਾਓਂ ਪੁਲਿਸ ਟੀਮ, ਏ.ਐਸ.ਆਈ. ਹੌਲਦਾਰ ਹਰਪ੍ਰੀਤ ਸਿੰਘ ਅਤੇ ਉਨ੍ਹਾਂ ਦੀ ਟੀਮ ਨਾਲ ਸੇਵਾਦਾਰ ਰਾਮ ਸਿੰਘ ਅਤੇ ਨਵੀਨ ਕੁਮਾਰ ਵੀ ਮੌਜੂਦ ਸਨ, ਜਿਨ੍ਹਾਂ ਨੇ ਨਗਰ ਕੌਂਸਲ ਦੇ ਸੀਵਰੇਜ ਟਰੀਟਮੈਂਟ ਪਲਾਂਟ ਦੀ ਜਗ੍ਹਾ 'ਤੇ ਬੋਰਡ ਲਗਾ ਕੇ ਕੰਡਿਆਲੀ ਤਾਰ ਲਗਾ ਦਿੱਤੀ। . ਦਿੱਤਾ ਗਿਆ ਸੀ . ਹੁਣ ਨਗਰ ਕੌਂਸਲ ਦੇ ਕਾਰਜਸਾਧਕ ਅਫਸਰ ਰਵੀ ਜਿੰਦਲ ਨੇ ਦੱਸਿਆ ਕਿ ਸਾਨੂੰ ਸੀਵਰੇਜ ਟਰੀਟਮੈਂਟ ਪਲਾਂਟ ਲਈ 58 ਕਰੋੜ 20 ਲੱਖ ਰੁਪਏ ਮਿਲੇ ਹਨ। ਅਸੀਂ ਸੀਵਰੇਜ ਟਰੀਟਮੈਂਟ ਪਲਾਂਟ ਸਥਾਪਤ ਕਰਨ ਲਈ ਟੈਂਡਰ ਵੀ ਜਾਰੀ ਕੀਤਾ ਹੈ।

ਇਸ ਤਹਿਤ ਪਟਿਆਲਾ ਦੀ ਰਾਓ ਨਦੀ 'ਤੇ ਵੀ ਪੁਲ ਬਣਾਇਆ ਜਾਵੇਗਾ, ਜਿਸ ਸਬੰਧੀ ਸੋਮਵਾਰ ਨੂੰ ਏਡੀਸੀ ਮੁਹਾਲੀ ਕੋਲ ਸਾਰੀਆਂ ਪ੍ਰਸ਼ਾਸਨਿਕ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ। ਜੋ ਕਿ ਸੀਵਰੇਜ ਟਰੀਟਮੈਂਟ ਪਲਾਂਟ ਤੱਕ ਪਹੁੰਚਣ ਲਈ ਪਟਿਆਲਾ ਦੀ ਰਾਓ ਨਦੀ ਦੇ ਉੱਪਰ ਬਣਾਇਆ ਜਾਵੇਗਾ। ਹੁਣ ਜਲਦੀ ਹੀ ਨਵਾਂਗਾਓਂ ਵਿੱਚ ਸੀਵਰੇਜ ਟਰੀਟਮੈਂਟ ਪਲਾਂਟ ਲੱਗਣ ਨਾਲ ਨਵਾਂਗਾਓਂ ਵਾਸੀ ਬਹੁਤ ਖੁਸ਼ ਹਨ। ਗੰਦੇ ਪਾਣੀ ਦੀ ਨਿਕਾਸੀ ਹੋਵੇਗੀ ਅਤੇ ਬਿਮਾਰੀਆਂ ਦੂਰ ਹੋ ਜਾਣਗੀਆਂ।

ਨਵਾਂਗਾਓਂ ਨਿਵਾਸੀਆਂ ਨੇ ਨਗਰ ਕੌਂਸਲ ਦੇ ਕਾਰਜਸਾਧਕ ਅਫਸਰ ਰਵੀ ਜਿੰਦਲ ਅਤੇ ਜੇ.ਈ ਅਮਨਦੀਪ ਨੂੰ ਵਧਾਈ ਦਿੱਤੀ ਅਤੇ ਧੰਨਵਾਦ ਕੀਤਾ।

ਸ਼ੇਰ ਏ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਮੌਕੇ ਇੱਕ ਰੋਜ਼ਾ ਵਿਸ਼ੇਸ਼ ਸੈਮੀਨਾਰ ਕਰਵਾਇਆ

ਪਟਿਆਲਾ, 3 ਜੁਲਾਈ
-ਕੌਮੀ ਪੱਤ੍ਰਿਕਾ ਬਿਊਰੋ-

ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ ਪਟਿਆਲਾ ਡਾ. ਦਿਲਵਰ ਸਿੰਘ ਨੇ ਦੱਸਿਆ ਕਿ ਅੱਜ ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ ਪਟਿਆਲਾ, ਸਰਕਾਰੀ ਸਟੇਟ ਕਾਲਜ ਆਫ ਐਜੂਕੇਸ਼ਨ ਪਟਿਆਲਾ ਅਤੇ ਪੁਰਾਤਨ ਸਾਹਿਤ ਸੰਭਾਲ ਸਭਾ ਪਟਿਆਲਾ ਦੇ ਸਾਂਝੇ ਸਹਿਯੋਗ ਨਾਲ ਇਕ ਰੋਜ਼ਾ ਵਿਸ਼ੇਸ਼ ਸੈਮੀਨਾਰ ਆਯੋਜਿਤ ਕੀਤਾ ਗਿਆ। ਜਿਸ ਵਿੱਚ ਡਾ. ਸੁਖਦਿਆਲ ਸਿੰਘ ਪੰਜਾਬੀ ਯੂਨੀਵਰਸਿਟੀ ਪਟਿਆਲੇ ਵਾਲਿਆਂ ਨੇ ਮਹਾਰਾਜਾ ਰਣਜੀਤ ਸਿੰਘ ਜੀ ਦੇ ਸਬੰਧ ਵਿੱਚ ਆਪਣੇ ਵਿਚਾਰ ਸਾਂਝੇ ਕੀਤੇ।

ਇਸ ਸਮਾਗਮ ਦੀ ਪ੍ਰਧਾਨਗੀ ਕਰਦਿਆਂ ਸੰਤ ਮਨਮੋਹਣ ਸਿੰਘ ਜੀ ਬਾਰਨ ਵਾਲਿਆਂ ਨੇ ਦੱਸਿਆ ਕੀ ਅਜਿਹੇ ਸਾਰਥਕ ਵਿਸ਼ਿਆਂ ਉੱਤੇ ਵਿਦਵਾਨਾਂ ਨੂੰ ਆਪਣੇ ਵਡਮੁੱਲੇ ਵਿਚਾਰ ਸਾਂਝੇ ਕਰਨ ਦੇ ਮੌਕੇ ਪ੍ਰਦਾਨ ਕਰਦੇ ਰਹਿਣਾ ਚਾਹੀਦਾ ਹੈ। ਸੰਤ ਬਾਬਾ ਹਰਚਰਨ ਸਿੰਘ ਜੀ ਨਾਨਕਸਰ ਕੁਟੀਆ ਪਟਿਆਲਾ ਵਾਲਿਆਂ ਨੇ ਵੀ ਆਪਣੇ ਵਿਚਾਰ ਸਾਂਝੇ ਕਰਦਿਆਂ ਗਿਆਨੀ ਗੁਰਜੰਟ ਸਿੰਘ ਜੀ ਵੱਲੋਂ ਕੀਤੇ ਇਸ ਉਪਰਾਲੇ ਦੀ ਭਰਪੂਰ ਪ੍ਰਸ਼ੰਸਾ ਕੀਤੀ ਅਤੇ ਭਵਿੱਖ ਵਿੱਚ ਵੀ ਅਜਿਹੇ ਸੈਮੀਨਾਰਾਂ ਦਾ ਆਯੋਜਨ ਕਰਨ ਹਿਤ ਉਹਨਾਂ ਦਾ ਸਹਿਯੋਗ ਕਰਨ ਲਈ ਆਖਿਆ।

ਅੰਤ ਵਿੱਚ ਡਾ. ਸੁਖਦਿਆਲ ਸਿੰਘ ਜੀ ਦਾ ਸਨਮਾਨ ਕੀਤਾ ਗਿਆ। ਇਸ ਮੌਕੇ ਬਾਬਾ ਰਛਪਾਲ ਸਿੰਘ ਜੀ ਟਕਸਾਲ ਮਰਦਾਂਪੁਰ, ਬਾਬਾ ਦਰਸ਼ਨ ਸਿੰਘ ਜੀ ਟੌਹੜਾ, ਬਾਬਾ ਸਰਬਜੋਤ ਸਿੰਘ ਜੀ ਨਿਰਮਲੇ,ਮਹੰਤ ਰਾਮਦਾਸ ਜੀ ਥਾਪਰ ਕਾਲਜ ਪਟਿਆਲਾ, ਬਾਬਾ ਖੁਸ਼ਬੀਰ ਸਿੰਘ ਜੀ ਨਿਰਮਲੇ,ਡਾ. ਭੁਪਿੰਦਰ ਪਾਲ ਸਿੰਘ ਜੀ ਪਟਿਆਲਾ, ਡਾ. ਮਨਿੰਦਰ ਸਿੰਘ ਪਟਿਆਲਾ, ਡਾ. ਪ੍ਰੀਤੀ ਭਾਟੀਆ ਸਰਕਾਰੀ ਸਟੇਟ ਕਾਲਜ ਆਫ ਐਜੂਕੇਸ਼ਨ ਪਟਿਆਲਾ, ਸ੍ਰ .ਅਮਰਜੀਤ ਸਿੰਘ, ਸ੍ਰ. ਕਰਨਵੀਰ ਸਿੰਘ ਆਦਿ ਸ਼ਖਸ਼ੀਅਤਾਂ ਹਾਜ਼ਰ ਸਨ।

ਅਨਿਲ ਜੁਨੇਜਾ ਨੇ ਰੋਟਰੀ ਮੀਟਿੰਗ ਵਿੱਚ ਆਪਣੇ ਸਾਲ ਦੇ ਕੰਮਾਂ ਦਾ ਲੇਖਾ ਜੋਖਾ ਪੇਸ਼ ਕੀਤਾ

ਸੁਨਾਮ, 3 ਜੁਲਾਈ
-ਕੌਮੀ ਪੱਤ੍ਰਿਕਾ ਬਿਊਰੋ-

ਰੋਟਰੀ ਕਲੱਬ ਮੋਨ ਸੁਨਾਮ ਦੀ ਮੀਟਿੰਗ ਕਲੱਬ ਦੇ ਪ੍ਰਧਾਨ ਅਨਿਲ ਜੁਨੇਜਾ ਦੀ ਅਗਵਾਈ ਹੇਠ ਸਥਾਨਕ ਰੋਟਰੀ ਕੰਪਲੈਕਸ ਵਿਖੇ ਹੋਈ। ਜਿਸ ਵਿਚ ਜ਼ਿਲ੍ਹਾ ਰੋਟਰੀ ਗਵਰਨਰ ਘਨਸ਼ਿਆਮ ਕਾਂਸਲ ਅਤੇ ਨਗਰ ਕੌਂਸਲ ਪ੍ਰਧਾਨ ਨਿਸਾਨ ਸਿੰਘ ਟੋਨੀ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ ਅਤੇ ਪ੍ਰਧਾਨ ਅਨਿਲ ਜੁਨੇਜਾ ਸਾਰਿਆ ਨੂੰ ਜੀ ਆਇਆ ਆਖਦਿਆ ਆਪਣੇ ਸਾਲ ਦੇ ਕੰਮਾਂ ਦਾ ਲੇਖਾਂ ਜੋਖਾ ਪੇਸ਼ ਕੀਤਾ ਅਤੇ ਕਿਹਾ ਕਿ ਕਲੱਬ ਮੈਬਰਾਂ ਵੱਲੋ ਮਿਲੇ ਸਹਿਯੋਗ ਲਈ ਉਹ ਹਮੇਸਾ ਮੈਬਰਾਂ ਦੇ ਰਿਣੀ ਰਹਿਣਗੇ ਇਸ ਮੌਕੇ ਤੇ ਜ਼ਿਲ੍ਹਾ ਗਵਰਨਰ ਘਨਸ਼ਿਆਮ ਕਾਂਸਲ ਨੇ ਵੀ ਜਿੱਥੇ ਆਪਣੇ ਵਿਚਾਰ ਪੇਸ ਕੀਤੇ ਉੱਥੇ ਹੀ ਇਸ ਸਮਾਗਮ ਵਿੱਚ ਜਿੱਥੇ ਸਹਿਰ ਦੇ ਸਮਾਜ ਸੇਵੀ ਹਰੀਸ਼ ਗੱਖੜ ਨੂੰ ਕਲੱਬ ਦਾ ਨਵਾ ਮੈਬਰ ਲਿਆ ਗਿਆ ਉੱਥੇ ਹੀ ਕਲੱਬ ਦੇ ਗਵਰਨਰ ਅਤੇ ਪ੍ਰਧਾਨ ਵੱਲੋ ਲੈਪਲ ਪਿੰਨ ਲਗਾ ਕੇ ਸਨਮਾਨਿਤ ਕਰਨ ਉਪੰਰਤ ਮੈਬਰ ਬਣਨ ਤੇ ਵਧਾਈ ਦਿੱਤੀ ਗਈ।ਇਸ ਮੌਕੇ ਤੇ ਰੋਟਰੀ ਕਲੱਬ ਵੱਲੋਂ ਡਾਕਟਰਜ਼ ਅਤੇ ਸੀ ਏ ਦਿਵਸ ਇੱਕ ਜੁਲਾਈ ਨੂੰ ਮਨਾਉਣ ਦਾ ਫੈਸਲਾ ਵੀ ਕੀਤਾ ਗਿਆ ਹੈ।

ਕਲੱਬ ਦੇ ਅਗਲੇ ਨਵ ਨਿਯੁਕਤ ਪ੍ਰਧਾਨ ਦਵਿੰਦਰ ਪਾਲ ਸਿੰਘ ਰਿੰਪੀ, ਸਕੱਤਰ ਹਨੀਸ਼ ਸਿੰਗਲਾ ਅਤੇ ਕੈਸ਼ੀਅਰ ਰਾਜਨ ਸਿੰਗਲਾ ਅਤੇ ਪ੍ਰੋਜੈਕਟ ਚੇਅਰਮੈਨ ਹਰੀਸ਼ ਗੋਇਲ ਨੇ ਕਿਹਾ ਕਿ ਕਲੱਬ ਵੱਲੋਂ ਡਾਕਟਰਜ਼ ਅਤੇ ਸੀ ਏ ਦਿਵਸ ਗਊ ਸੇ

ਸ਼ਬਦੋ ਵਲਜਾਰਿਓ

ਦਰਸ਼ਨ

ਪਰਮਜੀਤ ਢੀਂਗਰਾ
94173-58120

ਫ਼ਾਰਸੀ ਕੋਸ਼ ਵਿਚ ਦਰਸ਼ਨ ਅਥਵਾ ਫਲ਼ਸਫ਼ੇ ਦਾ ਅਰਥ ਹੈ-ਫੈਲਸੂਫ ਹੋਣਾ, ਦਰਸ਼ਨ, ਫਲਸਫ਼ੀ-ਫਲਸਫ਼ੇ ਦਾ ਮਾਹਿਰ, ਸਿਆਣਾ, ਚਿੰਤਕ। ਦਰਸ਼ਨ-ਅਰਥਾਤ ਦੇਖਣਾ, ਕਿਰਿਆ ਸੰਸਕ੍ਰਿਤ ਦੀ ਧਾਤੂ-ਦ੃ਸ਼ ਵਿੱਚੋਂ ਨਿਕਲੀ ਹੈ ਜਿਸ ਦਾ ਭਾਵ ਹੈ ਦੇਖਣਾ, ਗੂੜ੍ਹ ਨਿਗ੍ਹਾ ਨਾਲ ਦੇਖਣਾ। ਫਿਲਾਸਫੀ ਦੀ ਉਤਪਤੀ ਗਰੀਕ ਸ਼ਬਦ ਸ਼. ਜ਼+ਛ+ਸ਼.ਜ਼ ਤੋਂ ਹੋਈ ਹੈ ਜਿਸ ਦਾ ਭਾਵ ਹੈ-ਗਿਆਨ ਮਾਰਗ ਜਾਂ ਗਿਆਨ ਦੀ ਲਾਲਸਾ। ਗਰੀਕ ਵਿੱਚੋਂ ਸਫ਼ਰ ਕਰਦਾ ਇਹ ਲੈਟਿਨ ਵਿਚ ਗਿਆ ਤੇ ਓਥੋਂ ਪੁਰਾਤਨ ਫਰੈਂਚ ਵਿਚ ਇਹ ਬਣਿਆ-ਜ਼+ਛ+ਜ਼ਥ ਜੋ ਅੰਗਰੇਜ਼ੀ ਵਿਚ ਜਾ ਕੇ ਸ਼. ਜ਼+ਛ+ਸ਼.ਢ ਬਣਿਆ। ਸ਼.ਜ਼+ਦਾ ਅਰਥ ਹੈ-ਪ੍ਰੇਮ ਪੂਰਵਕ ਅਤੇ ਛ+ਸ਼.ਜ਼ਛ ਦਾ ਅਰਥ ਹੈ-ਗਿਆਨ। ਫਲਸਫ਼ਾ ਮੂਲ ਰੂਪ ਵਿਚ ਅਰਬੀ ਦਾ ਸ਼ਬਦ ਹੈ। ਅਰਬੀ ਵਿਚ ਇਹ ਗਰੀਕ ਰਾਹੀਂ ਗਿਆ ਹੈ। ਅਰਬ ਵਿਚ ਜਦੋਂ ਫਿਲਾਸਫੀਕਲ ਸਾਹਿਤ ਰਚਿਆ ਜਾਣ ਲੱਗਿਆ ਤਾਂ ਇਹ ਸ਼ਬਦ ਓਥੇ ਹਾਜ਼ਰ ਹੋਇਆ। ਦਰਸ਼ਨ ਵਿਚ ਦ੍ਰਿਸ਼ਟੀ ਦੇ ਨਾਲ -ਨਾਲ ਦ੍ਰਿਸ਼ਟੀਗੋਚਰ ਕਰਨਾ, ਸਿਖਣਾ, ਜਾਣਨ ਤੇ ਸਮਝਣ ਦੇ ਭਾਵ ਵੀ ਹਨ। ਲੋਕਾਂ ਨੂੰ ਰਸਤਾ ਦਿਖਾਉਣਾ, ਗਿਆਨ ਬੋਧ ਕਰਾਉਣਾ, ਸਿਧ ਕਰਨਾ ਸਾਰੇ ਦਰਸ਼ਨ ਦੇ ਘੇਰੇ ਦੇ ਸ਼ਬਦ ਹਨ। ਮਹਾਨ ਕੋਸ਼ ਅਨੁਸਾਰ-ਦਰਸ਼ਨ-ਦੇਖਣ ਦਾ ਸਾਧਨ, ਨੇਤਰ, ਦੀਦਾਰ। ਚਾਰ ਪ੍ਰਕਾਰ ਦੇ ਦਰਸ਼ਨ ਮੰਨੇ ਗਏ ਹਨ-(ੳ)ਸ੍ਰਵਣ ਦਰਸ਼ਨ ਪ੍ਰੀਤਮ ਦਾ ਗੁਣ ਰੂਪ ਸੁਣ ਕੇ ਉਸ ਦੇ ਹਿਰਦੇ ਵਿਚ ਦਰਸ਼ਨ ਕਰਨਾ। (ਅ) ਚਿੱਤਰ ਦਰਸ਼ਨ-ਪ੍ਰੀਤਮ ਦੀ ਮੂਰਤ ਦਾ ਦੀਦਾਰ। (ੲ) ਸੁਪਨ ਦਰਸ਼ਨ-ਪਿਆਰੇ ਨੂੰ ਸੁਪਨੇ ਵਿਚ ਦੇਖਣਾ। (ਸ) ਪ੍ਰਤਯਕ ਦਰਸ਼ਨ-ਪ੍ਰੇਮੀ ਦਾ ਸਾਕਾਰ ਦੀਦਾਰ ਕਰਨਾ। ਦਰਸ਼ਨੀ- ਸੋਹਣਾ ਸੁਨੱਖਾ, ਦਰਸ਼ਨੀ ਹੁੰਡੀ-ਜਿਸ ਨੂੰ ਦਿਖਾਂਦੇ ਸਾਰ ਰੁਪਏ ਮਿਲ ਜਾਣ; ਦਰਸ਼ਨੀ ਡਿਓੜੀ, ਦਰਵਾਜ਼ਾ, ਦੁਆਰ-ਮੰਦਰ ਦਾ ਮੁੱਖ ਦੁਆਰ। ਦਰਸ਼ਨ ਛੇ ਪ੍ਰਕਾਰ ਦੇ ਮੰਨੇ ਗਏ ਹਨ -1. ਨਿਆਂਏ ਦਰਸ਼ਨ, 2. ਵੈਸ਼ੇਵਿਕ ਦਰਸ਼ਨ, 3. ਸਾਂਖ ਦਰਸ਼ਨ, 4. ਯੋਗ ਦਰਸ਼ਨ, 5. ਪੂਰਵ ਮੀਮਾਂਸਾ, 6. ਉਤਰ-ਮੀਮਾਂਸਾ। ਪੰਜਾਬੀ ਕੋਸ਼ ਅਨੁਸਾਰ-ਵੇਖਣ ਦਾ ਭਾਵ, ਦੀਦਾਰ, ਕਿਸੇ ਦੇਵਤੇ, ਦੇਵ ਮੂਰਤੀ ਦੇ ਦਰਸ਼ਨ, ਮੇਲ ਮੁਲਾਕਾਤ, ਜੋਗੀਆਂ ਦੀਆਂ ਮੁੰਦਰਾਂ, ਹਿੰਦੂਆਂ ਦੀਆਂ ਬ੍ਰਾਹਮਣ ਸੰਨਿਆਸੀ ਤੇ ਜੋਗੀ, ਤਿੰਨ ਸਨਾਤਨੀ ਸੰਪਰਦਾਵਾਂ, ਦਰਸ਼ਨ ਅਭਿਲਾਸੀ- ਦਰਸ਼ਨਾਂ ਦੀ ਇੱਛਾ ਰੱਖਣ ਵਾਲਾ; ਦਰਸ਼ਨ ਸ਼ਾਸਤਰ-ਉਹ ਵਿੱਦਿਆ ਜੋ ਪ੍ਰਕਿਰਤੀ, ਆਤਮਾ ਤੇ ਪਰਮਾਤਮਾ ਦੇ ਅੰਤਮ ਟੀਚੇ ਦਾ ਵਰਣਨ ਕਰਦੀ ਹੈ। ਦਰਸ਼ਨ ਦੀਦਾਰ, ਦਰਸ਼ਨ-ਪਰਸਨ, ਦਰਸ਼ਨ ਭੇਦ, ਦਰਸ਼ਨਵੇਤਾ-ਸ਼ਾਸਤਰਾਂ ਦਾ ਗਿਆਤਾ; ਖਟ ਦਰਸ਼ਨ, ਝਰੋਖਾ ਦਰਸ਼ਨ, ਦੂਰ ਦਰਸ਼ਨ, ਫਤੇਦਰਸ਼ਨ, ਬੰਦਾ ਬਹਾਦਰ ਵੱਲੋਂ ਪ੍ਰਚਲਤ ਸਿੱਖਾਂ ਨੂੰ ਇਕ ਦੂਜੇ ਨਾਲ ਮਿਲਣ ਵੇਲੇ ਕਹੇ ਸ਼ਬਦ; ਦਰਸ਼ਨ ਨਾਥ-ਕੰਨਪਾਟੇ ਨਾਥ, ਦਰਸ਼ਨੀ ਭਲਵਾਨ, ਦਰਸਾਵਾ-ਦਰਸ਼ਨ ਕਰਨੇ; ਦਰਸੀ-ਵੇਖਣ ਵਾਲਾ। ਪੰਜਾਬੀ ਵਿਚ ਦਰਸ਼ਨ ਲਈ ਕਈ ਮੁਹਾਵਰੇ ਵੀ ਪ੍ਰਚਲਤ ਹਨ-ਦਰਸ਼ਨ ਕੀਤਿਆਂ ਭੁੱਖ ਲੱਥਣਾ-ਕਿਸੇ ਦੀ ਸੁੰਦਰਤਾ ਵੇਖ ਕੇ ਪ੍ਰਸੰਨ ਹੋਣਾ, ਦਰਸ਼ਨ ਦੁਰਲੱਭ ਹੋਣੇ; ਦਰਸ਼ਨ ਮਹਿੰਗੇ ਹੋਣੇ- ਦਰਸ਼ਨ ਘੱਟ ਹੋਣੇ। •

ਕਵਿਤਾਵਾਂ

ਕੰਵਰਜੀਤ ਭੱਠਲ
93165-16951

ਡਰੇ ਨਹੀਂ ਹਾਂ ਕਦੇ

ਡਰੇ ਨਹੀਂ ਹਾਂ ਕਦੇ!
ਡਰੇ ਨਹੀਂ ਹਾਂ ਕਦੇ!
ਕੌਠੇ ਚੜ੍ਹ ਕੇ ਪੂਰਨਮਾਸ਼ੀ ਦੇ ਚੰਦ ਨੂੰ
ਦੇਖਣ ਜਾਂਹ ਨਜ਼ਾਰਾ
ਕਦੀ ਅਸੀਂ ਵੀ ਕਰਾਂਗੇ
ਇਹ ਵੀ ਤਾਂ ਘੱਟ ਨਹੀਂ।

ਮੈਂ ਜ਼ਿੰਦਗੀ ਦੇ (ਜੋ ਸਿਰਫ਼ ਨਾਂ ਦੀ ਹੈ)
ਹਰ ਖ਼ੂਬਸੂਰਤ ਮੋੜ 'ਤੇ ਬੁੱਕਿਆ
ਤੇ ਕਬਰਸਤਾਨਾਂ ਦੀ
ਗੰਧ ਨੂੰ ਸਲਾਹਿਆ
ਮੈਂ ਜੰਗਲਾਂ ਦੀ ਸੈਰ ਕੀਤੀ
ਆਪਣੇ ਹੀ ਘਰ ਅੰਦਰ ਕੈਦ ਰਿਹਾ
ਡਰੇ ਨਹੀਂ ਹਾਂ ਕਦੇ
ਇਹ ਵੀ ਘੱਟ ਤਾਂ ਨਹੀਂ।

ਮੈਂ ਜ਼ਿੰਦਗੀ ਦੀ ਕੁੜੱਤਣ
ਬਿਨਾ ਥੁੱਕੇ ਪੀਤੀ
ਤੇ ਭਵਿੱਖ ਦੇ ਸੁਪਨਿਆਂ ਨੂੰ
ਅੰਮ੍ਰਿਤ ਵਾਂਗ ਪੀਤਾ
ਮੈਂ ਹਾਕਮ ਦੇ ਵਾਰ ਵੀ ਸਹੇ
ਤੇ ਪਰਜਾ ਦੇ ਤਾਅਨੇ ਵੀ
ਡਰੇ ਨਹੀਂ ਹਾਂ ਕਦੇ
ਇਹ ਵੀ ਘੱਟ ਤਾਂ ਨਹੀਂ।

ਉਹ ਵੀ ਦਿਨ ਆਉਣਗੇ
ਜਦ ਪਰਬਤਾਂ ਤੋਂ ਤਿਲਕ ਕੇ
ਬਰਫ਼ ਸਾਡੇ ਗੰਢੂ ਧੋਏਗੀ
ਉਹ ਵੀ ਦਿਨ ਆਉਣਗੇ
ਹਵਾਵਾਂ ਜਦ ਲਿਆਉਣਗੀਆਂ
ਜ਼ਿੰਦਗੀ ਦਾ ਸੁਨੇਹਾ
ਪਰ ਹਾਣੀ
ਨਾ ਤਾਂ ਬਰਫ਼ ਹੈ
ਨਾ ਯਾਰ ਤੇ ਨਾ ਹੀ ਜ਼ਿੰਦਗੀ।

ਅਰਤਿੰਦਰ ਸੰਧੂ
98153-02081

ਆਈ ਸੈਂ ਜੇ ਜ਼ਿੰਦਗੀ

ਆਈ ਸੈਂ ਜੇ ਤੂੰ ਜ਼ਿੰਦਗੀ
ਲੈ ਆਉਂਦੀ ਕੁਝ ਸਮਾਨ ਵੀ
ਪੈਰਾਂ ਲਈ ਜ਼ਮੀਨ ਤੇ
ਸਿਰ ਵਾਸਤੇ ਅਸਮਾਨ ਵੀ।

ਪੈਰ ਤਾਂ ਕਰਦੇ ਰਹੇ
ਬੇਚੈਨ ਪੌਣਾਂ ਦਾ ਸਫ਼ਰ
ਖ਼ਬਰੇ ਕਿਹੜੇ ਅੰਬਰੋਂ
ਆਉਂਦੇ ਰਹੇ ਤੂਫ਼ਾਨ ਵੀ।

ਕੁਝ ਸ਼ਬਦ ਰੱਖਦੀ ਤਾਂ
ਸਾਡੇ ਜੀਣ ਵਿਚਲੀ ਪੀੜ ਲਈ
ਹੁੰਦਾ ਜਿਨ੍ਹਾਂ ਕੋਲ਼ ਆਪਣੇ
ਅਰਥਾਂ ਦਾ ਸਾਮਾਨ ਵੀ।

ਬੇਮੇਚ ਚੱਲਦੇ ਵੇਲਿਆਂ ਦਾ
ਕੁਝ ਤਾਂ ਹੁੰਦਾ ਨਾਪ-ਤੋਲ
ਦਿਸਦਾ ਰਹਿੰਦਾ ਮੁੱਕਦੀ ਕਦ
ਵਾਟ ਇਹ ਬੇਜਾਨ ਵੀ।

ਕੁਝ ਤਾਂ ਸਮਰੱਥਾ ਵੀ ਹੁੰਦੀ
ਖ਼ੁਦ ਲਈ ਜੀਣ-ਥੀਣ ਦੀ
ਰਾਹੇ ਤਾਂ ਪੈਂਦੇ ਕਿਸੇ
ਅਹਿਸਾਸਾਂ ਦੇ ਅਰਮਾਨ ਵੀ।

ਲਿਪੀ ਦੇ ਕੇ ਸੂਝ ਦੇਂਦੀ
ਜਾਚ ਫਿਰ ਹੱਥਾਂ ਨੂੰ ਵੀ
ਲਿਖਣ ਦੀ ਇਸ ਸ਼ਹਿਰ ਵੱਸੀ
ਪੀੜ ਦਾ ਅਨੁਮਾਨ ਵੀ।

ਰਿਸ਼ਤਿਆਂ ਦੀਆਂ ਗੁੰਝਲਾਂ ਨੂੰ
ਦੱਸਦੀ ਕਿੰਜ ਖੋਲ੍ਹਣਾ
ਕਿਸ ਤਰ੍ਹਾਂ ਨੇ ਪਾਸ ਹੋਣੇ
ਆਏ ਇਮਤਿਹਾਨ ਵੀ।

ਸਾਹਾਂ 'ਚੋਂ ਰਿਸਦੀ ਪੀੜ 'ਚੋਂ
ਬਾਰਿਸ਼ ਦੇ ਕਤਰੇ ਜੋੜ ਕੇ
ਬੁਣਨਾ ਕਿਵੇਂ ਆਪਣੇ
ਹਿੱਸੇ ਦਾ ਆਸਮਾਨ ਵੀ।

ਚੀਸਾਂ ਦੀ ਵਹਿੰਦੀ ਭੀੜ ਨੂੰ
ਹੈ ਮੰਨਣਾ ਮੇਲਾ ਕਿਵੇਂ
ਆਪਣੇ ਟੋਟੇ ਵੇਚ ਕਿਵੇਂ
ਵਣਜਦੇ ਅਰਮਾਨ ਵੀ।

ਆਪਣੇ ਹੀ ਨਾਲ ਕਰ
ਸਮਝੌਤੇ ਆਪੇ ਤੋੜਨੇ
ਪੂਰਦੇ ਰਹਿਣਾ ਫਿਰ ਆਪੇ
ਕਰ ਲਏ ਨੁਕਸਾਨ ਵੀ।

ਬਲਜੀਤ ਤਲਵੰਡੀ
92177-68857

ਚਿਹਰੇ

ਹੰਸੂ ਹੰਸੂ ਕਰਦੇ ਮੁਸਕਰਾਉਂਦੇ ਚਿਹਰੇ।
ਕਿੰਨੇ ਦਰਦ ਲੁਕਾਉਂਦੇ ਚਿਹਰੇ।

ਰੰਗਲੀ ਦੁਨੀਆ ਦੀ ਮਸਤੀ ਵਿਚ,
ਅੰਦਰੀ ਪੀੜ ਦਬਾਉਂਦੇ ਚਿਹਰੇ।

ਇਕ ਦੂਜੇ ਨੂੰ ਕਹਿਣ ਤੋਂ ਡਰਦੇ,
ਨਕਲੀ ਹੱਸ ਵਿਖਾਉਂਦੇ ਚਿਹਰੇ।

ਅੰਦਰੋ-ਅੰਦਰ ਘੁੱਟ ਘੁੱਟ ਪੀੜਾਂ ਡੱਕਦੇ,
ਮਿੱਠੀਆਂ ਬਾਤਾਂ ਪਾਉਂਦੇ ਚਿਹਰੇ।

ਕਦੀ ਸਮੇਂ ਦੀ ਕਮੀ ਖਾ ਗਈ,
ਕਦੀ ਇਕ ਦੂਜੇ ਤੋਂ ਕਤਰਾਉਂਦੇ ਚਿਹਰੇ।

ਅੰਦਰੋਂ ਸ਼ੱਕ ਹੱਡਾਂ ਨੂੰ ਲੂਹੀ ਜਾਵੇ,
ਕਿਉਂ ਭੱਠੀ ਵਾਂਗ ਤਪਾਉਂਦੇ ਚਿਹਰੇ।

ਪ੍ਰਾਪਤ ਪੁਸਤਕਾਂ

1. ਪੁਸਤਕ : ਦੇਸ਼ੀ ਕੌਣ?
ਲੇਖਕ : ਬੂਟਾ ਖਾਨ ਸੁੱਖੀ
ਪੰਨੇ : 84 ਮੁੱਲ : 195/-
ਪ੍ਰਕਾਸ਼ਕ : ਲੋਕਗੀਤ ਪ੍ਰਕਾਸ਼ਨ, ਮੋਹਾਲੀ।

2. ਪੁਸਤਕ : ਵੀਰਾਂ
ਲੇਖਿਕਾ : ਹਰਨੇਕ ਸਿੰਘ ਬੱਧਣੀ
ਪੰਨੇ : 112 ਮੁੱਲ : 150/-
ਪ੍ਰਕਾਸ਼ਕ : ਤਰਕਸ਼ੀਲ ਪ੍ਰਕਾਸ਼ਨ, ਬਰਨਾਲਾ।

ਗ਼ਜ਼ਲਾਂ

ਜਗਜੀਤ ਸਿੰਘ ਨੂਰ
93166-03510

ਸ਼ਿਵ ਤੂੰ ਰਚ ਗਿਆ ਏਂ ਐਸਾ
ਇਤਿਹਾਸ ਓ ਸਜਣਾ।
ਉਲਫ਼ਤ ਦਾ ਕਰਵਾ ਗਿਆ
ਏਂ ਅਹਿਸਾਸ ਓ ਸਜਣਾ।

ਤੇਰੇ ਗੀਤਾਂ 'ਚੋਂ ਛਿੜਦੀ ਸੀ
ਸਰਗਮ ਜਦ ਵੀ,
ਤਾਂ ਮਿਲਦਾ ਸੀ ਹਰ ਦਿਲ ਨੂੰ
ਧਰਵਾਸ ਓ ਸਜਣਾ।

ਤੇਰੇ ਬੋਲਾਂ 'ਚੋਂ ਕਿਰਦੇ ਸੀ
ਅਨਮੋਲ ਮੋਤੀ,
ਜੋ ਭਰਦੇ ਸੀ ਹਰ ਦਿਲ ਵਿਚ
ਮਿਠਾਸ ਓ ਸਜਣਾ।

ਤੇਰੇ ਗੀਤਾਂ ਨੂੰ ਸੁਣ ਮਸਤ
ਹੁੰਦੇ ਸੀ ਲੋਕੀਂ,
ਜੋ ਕਰਦੇ ਸੀ ਨਿੱਤ ਦਿਲਾਂ
ਵਿਚ ਵਾਸ ਓ ਸਜਣਾ।

ਸੂਰਜ ਕਿਰਨਾਂ ਦਾ ਕਾਫ਼ਲਾ
ਏ 'ਲੂਣਾ' ਤੇਰੀ,
ਜਿਸ ਚਿੱਤਰਿਆ ਔਰਤ ਦਾ
ਰੂਪ ਖ਼ਾਸ ਓ ਸਜਣਾ।

ਸ਼ਿਵ, ਇਕ ਸ਼ਿਕਰਾ ਯਾਰ
ਬਣਾਇਆ ਸੀ ਤੂੰ ਯਾਰਾ,
ਜਿਸ ਨੂੰ ਖਵਾਇਆ ਅਪਣੇ
ਦਿਲ ਦਾ ਮਾਸ ਓ ਸਜਣਾ।

ਜਿੰਨ੍ਹਾਂ ਨੇ ਖਾਧੀਆਂ ਬਿਰਹਾ
ਦੀਆਂ ਚੋਟਾਂ,
ਤੇਰੇ ਗੀਤ ਬੁਝਾਉਣ ਉਨ੍ਹਾਂ
ਦੀ ਪਿਆਸ ਓ ਸਜਣਾ।

ਯਾਰਾ ਬਿਰਹਾ ਦੇ ਸੁਲਤਾਨ ਦੀ
ਤੂੰ ਪਾ ਪਦਵੀ,
ਸੱਚੇ ਪ੍ਰੇਮ 'ਚ ਭਰਿਆ ਈ
ਵਿਸ਼ਵਾਸ ਓ ਸਜਣਾ।

ਰਹਿੰਦੀ ਦੁਨੀਆ ਤਕ ਹੀ
ਚਮਕੇਗਾ 'ਨੂਰ' ਤੇਰਾ,
ਹਰ ਗੀਤ 'ਚੋਂ ਆਊਗੀ
ਖ਼ੁਸ਼ਬੂ ਖ਼ਾਸ ਓ ਸਜਣਾ।

ਰਾਜ਼ ਗੁਰਦਾਸਪੁਰੀ
97803-13308

ਮੈਂ ਨਹੀ ਆਇਆ ਤੇਰੇ ਦਰ
'ਤੇ ਸਿਆਸਤ ਵਾਸਤੇ।
ਸੀਸ ਮੇਰਾ ਝੁਕ ਗਿਆ ਤੇਰੀ
ਇਬਾਦਤ ਵਾਸਤੇ।

ਖ਼ੁਸ਼ਨੁਮਾ ਉਸ ਦੀ ਤਬੀਅਤ
ਸਾਹਿਆਂ ਦੇ ਮਨ ਭਾਵੇ,
ਕੋਲ਼ ਮੇਰੇ ਆ ਗਿਆ ਨਟਖਟ
ਸ਼ਰਾਰਤ ਵਾਸਤੇ।

ਝੂਠ ਹਨ ਸਭ ਸਾਕ ਸਾਰੇ,
ਝੂਠ ਰਿਸ਼ਤੇਦਾਰੀਆਂ,
ਜੋ ਸਬੰਧੀ ਹੈ ਕਿਸੇ ਦਾ, ਹੈ
ਜ਼ਰੂਰਤ ਵਾਸਤੇ।

ਕੀ ਭਰੋਸਾ ਸ਼ਾਮ ਤਕ, ਘਰ ਹੋ
ਨਾ ਪਾਏ ਵਾਪਸੀ,
ਜੇਬ ਅੰਦਰ ਰੱਖ ਲਿਆ,
ਪੱਤਰ ਸ਼ਨਾਖ਼ਤ ਵਾਸਤੇ।

ਕੀ ਕਰੇਗਾ ਮਸਤੀਆਂ ਵਿਚ
ਮੁਸ਼ਕਿਲਾਂ ਦਾ ਟਾਕਰਾ,
ਪੇਟ ਦੀ ਭੁੱਖ ਵੀ ਜ਼ਰੂਰੀ ਹੈ
ਬਗ਼ਾਵਤ ਵਾਸਤੇ।

ਉਹ ਇਕੱਲਾ ਆਦਮੀ
ਦੁਨੀਆ 'ਚ ਜੀਵੇ ਕਿਸ ਤਰ੍ਹਾਂ,
ਲੋੜ ਹੈ ਬੰਦੇ ਨੂੰ, ਬੰਦੇ ਦੀ
ਮੁਹੱਬਤ ਵਾਸਤੇ।

ਚਾਰੇ ਪਾਸੇ ਘੁੰਮ ਰਹੇ, ਅੱਜ
ਕੱਲ੍ਹ ਲੁਟੇਰੇ ਹੁਸਨ ਦੇ,
ਗਾਡ ਰੱਖ ਲੈ 'ਰਾਜ਼' ਨੂੰ
ਅਪਨੀ ਹਿਫ਼ਾਜ਼ਤ ਵਾਸਤੇ।

ਪ੍ਰੋ. ਸੁਲੱਖਣ ਮੀਤ
94633-29939

ਜਦ ਮੈਂ ਤੇਰਾ ਚਿਹਰਾ ਤੱਕਿਆ,
ਕੁਝ ਕੁਝ ਹੋਇਆ।
ਜਦ ਮੈਂ ਤੈਨੂੰ ਪੱਤਰ ਲਿਖਿਆ,
ਕੁਝ-ਕੁਝ ਹੋਇਆ।

ਤੂੰ ਮਿਲਿਆ ਤਾਂ ਕੁਝ ਨਾ
ਹੋਇਆ, ਮੇਰੇ ਦਿਲਬਰ,
ਜਦ ਤੂੰ ਮੈਨੂੰ ਪੱਤਰ ਲਿਖਿਆ,
ਕੁਝ-ਕੁਝ ਹੋਇਆ।

ਉਹ ਮਿਲਿਆ ਤਾਂ ਕੁਝ ਨਾ
ਹੋਇਆ, ਬੋਲ ਨਾ ਹੋਇਆ,
ਮੇਰਾ ਦਿਲ ਜਦ ਉਸ ਨੇ
ਫੁੰਡਿਆ, ਕੁਝ-ਕੁਝ ਹੋਇਆ।

ਫੇਰੇ ਪੜ੍ਹਨ ਤੋਂ ਪਹਿਲਾਂ
ਡਰਿਆ, ਮੀਤ ਅਸਾਡਾ,
ਨਾਲ ਬੈਠ ਕੇ ਜਦ ਉਸ
ਛਕਿਆ ਕੁਝ-ਕੁਝ ਹੋਇਆ।

ਉਸ ਦੇ ਬਿਨ ਤਾਂ ਮੇਰੇ ਘਰ
ਵਿਚ ਨ੍ਹੇਰਾ ਵੱਸਿਆ,
ਆ ਕੇ ਜਾਂ ਉਸ ਦੀਪ
ਜਗਾਇਆ, ਕੁਝ-ਕੁਝ ਹੋਇਆ।

ਝੂਠ ਦਾ ਪ੍ਰਚਾਰ ਸੀ ਪਿਛਲੇ ਦਿਨੀਂ।
ਸੱਚ ਤਾਂ ਬਿਮਾਰ ਸੀ ਪਿਛਲੇ ਦਿਨੀਂ।

ਕੋਲ ਬਹਿ ਗ਼ੈਰਾਂ ਦੇ ਜੋ ਹੱਸਦਾ ਪਿਐ,
ਉਹ ਮੇਰਾ ਦਿਲਦਾਰ ਸੀ ਪਿਛਲੇ ਦਿਨੀਂ।

ਸ਼ੁਕਰ ਹੈ ਕਿ ਕੁਝ ਤਾਂ ਹੁਣ ਰਾਹਤ ਮਿਲੀ,
ਜੀਣ ਹੀ ਦੁਸ਼ਵਾਰ ਸੀ ਪਿਛਲੇ ਦਿਨੀਂ।

ਵੇਚ ਕੇ ਲੋਕੀਂ ਜ਼ਮੀਰਾਂ ਖਾ ਗਏ,
ਗਿਰ ਗਿਆ ਕਿਰਦਾਰ ਸੀ ਪਿਛਲੇ ਦਿਨੀਂ।

ਪੱਛਮੀ 'ਵਾ ਨਾਲ ਦੂਸ਼ਿਤ ਹੋ ਗਿਆ,
ਸਾਫ਼ ਸੱਭਿਆਚਾਰ ਸੀ ਪਿਛਲੇ ਦਿਨੀਂ।

ਹੋ ਗਏ ਆਖਿਰ ਪਿਆਸੇ ਖ਼ੂਨ ਦੇ,
ਜੋ ਜੋ ਜਿਗਰੀ ਯਾਰ ਸੀ ਪਿਛਲੇ ਦਿਨੀਂ।

ਢਹਿ ਗਈ ਆਖਿਰ ਇਮਾਰਤ ਢਹਿ ਗਈ,
ਜਗ ਦਾ ਜੋ ਸ਼ਿੰਗਾਰ ਸੀ ਪਿਛਲੇ ਦਿਨੀਂ।

ਝੂਠ ਨੇ ਆਖਿਰ ਉਨ੍ਹੂੰ ਭਰਮਾ ਲਿਆ,
ਸੱਚ ਦੀ ਜੋ ਤਲਵਾਰ ਸੀ ਪਿਛਲੇ ਦਿਨੀਂ।

ਇਕ ਬਨਾਉਟੀ ਲੀਕ ਨਫ਼ਰਤ ਦੇ ਗਈ,
ਮਰ ਗਿਆ ਕਿਰਦਾਰ ਸੀ ਪਿਛਲੇ ਦਿਨੀਂ।

ਹੁਣ ਰਿਹਾ 'ਜੱਸੀ' ਨਾ ਖ਼ੁਦ 'ਤੇ ਵੀ ਯਕੀਨ,
ਗੈਰ 'ਤੇ ਇਤਬਾਰ ਸੀ ਪਿਛਲੇ ਦਿਨੀਂ.

ਜਸਵਿੰਦਰ ਸਿੰਘ ਜੱਸੀ
99155-19156

ਮਿੰਨੀ ਕਹਾਣੀ

ਸਮੇਂ ਦਾ ਅੰਤਰ

ਬਚਪਨ ਬੀਤਣ ਤੋਂ ਬਾਅਦ ਜਿਉਂ ਹੀ ਸੁਰਤ ਸੰਭਾਲੀ, ਮਾਂ ਵੱਲੋਂ ਤਾਂ ਲਾਡ-ਪਿਆਰ ਜਾਰੀ ਰਿਹਾ ਪਰ ਪਿਤਾ ਵੱਲੋਂ ਡਰ ਪੱਲੇ ਪੈ ਗਿਆ। ਕੋਈ ਗ਼ਲਤੀ ਹੋ ਜਾਂਦੀ, ਅੱਜ ਖੈਰ ਨਹੀਂ, ਸ਼ਿਕਾਇਤ ਲੱਗੇਗੀ, ਮਾਰ ਪਵੇਗੀ। ਪਿਤਾ ਜੀ ਦੇ ਮੱਥੇ 'ਤੇ ਤਿਊੜੀ ਵੇਖ ਅੱਖਾਂ ਆਪੇ ਹੀ ਨੀਵੀਆਂ ਪੈ ਜਾਂਦੀਆਂ। ਡਾਂਟ ਪੈਂਦੀ, ਚੁੱਪ-ਚਾਪ ਸੁਣੀ ਜਾਂਦਾ, ਸਰੀਰ ਕੰਬਦਾ ਰਹਿੰਦਾ। ਸਫ਼ਾਈ 'ਚ ਬੋਲੋ ਤਾਂ ਪਿਤਾ ਜੀ ਦਾ ਪਾਰਾ ਹੋਰ ਚੜ੍ਹ ਜਾਂਦਾ, ਕੁੱਟ ਖਾਣੀ ਪੈਂਦੀ। ਆਖ਼ਰ, ਮੁੜ ਇਦਾਂ ਦੀ ਗ਼ਲਤੀ ਫਿਰ ਨਹੀਂ ਕਰੂੰਗਾ, ਕਹਿ ਕੇ ਛੁਟਕਾਰਾ ਮਿਲ ਜਾਂਦਾ ਸੀ। ਦਹਾਕੇ ਬੀਤ ਗਏ ਹਨ। ਪਿਤਾ ਜੀ ਵੀ ਨਹੀਂ ਰਹੇ। ਅੱਜ ਸਾਹਮਣੇ ਪੁੱਤਰ ਖੜ੍ਹਾ ਹੈ। ਵਿਆਹ ਕੇ ਅਪਣੇ ਵੱਲੋਂ ਕਬੀਲਦਾਰੀ ਦਾ ਭਾਰ ਲਾਹ ਬੈਠਾ ਹਾਂ ਪ੍ਰੰਤੂ ਅੱਜ ਵੀ ਅੱਖਾਂ ਨੀਵੀਆਂ ਹਨ। ਪਿਤਾ ਜੀ ਦੀ ਘੂਰੀ ਨਾਲੋਂ ਪੁੱਤਰ ਦੀ ਘੂਰੀ ਜ਼ਿਆਦਾ ਜ਼ਹਿਰਲੀ ਹੈ। ਸਵੇਰੇ, ਸ਼ਾਮੀ ਸੁਣਨਾ ਪੈਂਦਾ ਹੈ। 'ਵਿਹਲੜ ਬੈਠਾ ਚੁਖਾਨ ਚਲਾਉਂਦਾ ਰਹਿੰਦਾ ਹੈ, ਵੈਰੀ ਅਨਾਜ ਦਾ, ਖਾ ਪੀ ਲਿਆ, ਘੁੰਮ ਫਿਰ...। ਬਸ ਇਹੀ ਸਭ ਹਰ ਰੋਜ਼ ਹੁੰਦਾ ਸੀ।

• ਹਰਜਿੰਦਰ ਸਿੰਘ ਧਾਮੀ, 98144-32347

ਉਰਦੂ ਤੇ ਪੰਜਾਬੀ ਦੀ ਸ਼ਾਇਰਾ ਸੁਲਤਾਨਾ ਬੇਗਮ

ਸਤਨਾਮ ਚੌਹਾਨ
98886-15531

ਪਟਿਆਲਾ ਸ਼ਹਿਰ ਲੇਖਕਾਂ ਦਾ ਗੜ੍ਹ ਹੈ। ਦਲੀਪ ਕੌਰ ਟਿਵਾਣਾ, ਪ੍ਰੋ. ਨਰਿੰਦਰ ਕਪੂਰ, ਪ੍ਰੋ. ਕ੍ਰਿਪਾਲ ਕਜ਼ਾਕ, ਡਾ. ਦਰਸ਼ਨ ਆਸਟ, ਡਾ. ਅਮਰਜੀਤ ਕੌਂਕੇ ਤੇ ਹੋਰ ਬਹੁਤ ਸਾਰੇ ਨਾਮਵਰ ਲੇਖਕਾਂ ਦੀ ਵਸਣ ਗਾਹ ਹੈ

ਆਦਰਸ਼ ਪੱਤਰਕਾਰਿਤਾ ਦੇ ਸੰਵਾਹਕ ਸਨ ਦੇਵਰਿਸ਼ੀ ਨਾਰਦ : ਨਾਇਬ ਸਿੰਘ

ਨਾਰਦ ਜੈਯੰਤੀ ਦੇ 9ਵੇਂ ਸੂਬਾ ਪੱਧਰੀ ਪੱਤਰਕਾਰ ਸਨਮਾਨ ਸਮਾਰੋਹ ਵਿਚ ਮੁੱਖ ਮੰਤਰੀ ਨੇ ਕੀਤੀ ਸ਼ਿਰਕਤ

ਚੰਡੀਗੜ੍ਹ, 3 ਜੁਲਾਈ
-ਕੌਮੀ ਪੱਤ੍ਰਿਕਾ ਬਿਊਰੋ-

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਨੇ ਕਿਹਾ ਕਿ ਦੇਵਰਿਸ਼ੀ ਨਾਰਦ ਆਦਰਸ਼ ਪੱਤਰਕਾਰਿਤਾ ਦੇ ਸੰਵਾਹਕ ਸਨ।

ਦੇਵਰਿਸ਼ੀ ਨਾਰਦ ਘਟਨਾਵਾਂ ਦਾ ਵਿਸ਼ਲੇਸ਼ਣ ਕਰ ਕੇ ਵੱਖ-ਵੱਖ ਦ੍ਰਿਸ਼ਟੀਕੋਣ ਦੇ ਨਾਲ ਸਚਾਈ ਨੂੰ ਸਾਕਾਰਤਮਕ ਤੌਰ 'ਤੇ ਪੇਸ਼ ਕਰਦੇ ਸਨ। ਆਜਾਦੀ ਤੋਂ ਲੈ ਕੇ ਅੱਜ ਆਧਨਿਕਤਾ ਵਜੋ ਪੱਤਰਕਾਰਿਤਾ ਦਾ ਅਹਿਮ ਯੋਗਦਾਨ ਰਿਹਾ ਹੈ।

ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਪੰਚਕੂਲਾ ਵਿਚ ਵਿਸ਼ਵ ਸੰਵਾਦ ਕੇਂਦਰ ਹਰਿਆਣਾ ਵੱਲੋਂ ਦੇਵਰਿਸ਼ੀ ਨਾਰਦ ਜੈਯੰਤੀ ਦੇ 9ਵੇਂ ਰਾਜ ਪੱਧਰੀ ਪੱਤਰਕਾਰ ਸਨਮਾਨ ਸਮਾਰੋਹ ਵਿਚ ਬਤੌਰ ਮੁੱਖ ਮਹਿਮਾਨ ਬੋਲ ਰਹੇ ਸਨ। ਸਮਾਰੋਹ ਵਿਚ ਪਹੁੰਚਣ 'ਤੇ ਹਰਿਆਣਾ ਵਿਸ਼ਵ ਸੰਵਾਦ ਕੇਂਦਰ ਦੇ ਚੇਅਰਮੈਨ ਡਾ. ਮਾਰਕਡੇਯ ਆਹੂਜਾ, ਸਕੱਤਰ ਰਾਜੇਸ਼ ਅਤੇ ਡਾ. ਰਾਜੇ ਚੌਹਾਨ ਨੇ ਗੁਲਦਸਤਾ ਭੇਂਟ ਕਰ ਸਵਾਗਤ ਕੀਤਾ।

ਮੁੱਖ ਮੰਤਰੀ ਨੇ ਨਾਰਦ ਜੈਯੰਤੀ ਦੀ ਪੱਤਰਕਾਰਾਂ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਪੱਤਰਕਾਰਿਤਾ ਦਾ ਕ੍ਰੇਡਿਟ ਦੇਵਰਿਸ਼ੀ ਨਾਰਦ ਜੀ ਨੂੰ ਜਾਂਦਾ ਹੈ। ਉਸ ਦੌਰ ਤੋਂ ਲੈ ਕੇ ਅੱਜ ਦੇ ਇਸ ਆਧੁਨਿਕ ਦੌਰ ਵਿਚ ਪੱਤਰਕਾਰਿਤਾ ਨੇ ਅਨੇਕ ਮੁਕਾਮ ਤੈਅ ਕੀਤੇ ਹਨ। ਸਮੇਂ ਬਦਲਣ ਦੇ ਨਾਲ ਪੱਤਰਕਾਰਤਾ ਦੇ ਸਵਰੂਪ ਵਿਚ ਬਦਲਾਅ ਆਇਆ ਹੈ, ਪਰ ਸਚਾਈ ਦਾ ਰਾਹੀ ਉਹੀ ਹੈ।

ਮੀਡੀਆਂ ਨਾਲ ਗਲਬਾਤ ਕਰਦੇ ਹੋਏ ਮੁੱਖ ਮੰਤਰੀ ਨਾਇਬ ਸਿੰਘ ਨੇ ਕਿਹਾ ਕਿ ਡਬਲ ਇੰਜਨ ਦੀ ਸਰਕਾਰ ਨੇ ਸੂਬੇ ਵਿਚ ਭਲਾਈਕਾਰੀ ਯੋਜਨਾਵਾਂ ਨੂੰ ਧਰਾਤਲ 'ਤੇ ਉਤਾਰਿਆ ਹੈ। ਸਰਕਾਰ ਲੋਕਾਂ ਦੇ ਹਿੱਤ ਲਈ ਕੰਮ ਕਰ ਰਹੀ ਹੈ। ਮੁੱਖ ਮੰਤਰੀ ਨੇ ਕਿਹਾ ਕਿ ਆਉਣ ਵਾਲੇ ਵਿਧਾਨਸਭਾ ਚੋਣਾਂ ਵਿਚ ਭਾਜਪਾ ਤੀਜੀ ਵਾਰ ਸਰਕਾਰ ਬਣਾਏਗੀ।

ਆਜਾਦੀ ਦੀ ਲੜਾਈ ਵਿਚ ਪੱਤਰਕਾਰਿਤ ਦਾ ਅਹਿਮ ਯੋਗਦਾਨ

ਮੁੱਖ ਮੰਤਰੀ ਨਾਇਬ ਸਿੰਘ ਨੇ ਕਿਹਾ ਕਿ ਦੇਸ਼ ਵਿਚ ਪੱਤਰਕਾਰਿਤਾ ਮਿਸ਼ਨ ਵਜੋ ਹੈ। ਆਜਾਦੀ ਦੀ ਲੜਾਈ ਵਿਚ ਪੱਤਰਕਾਰਿਤਾ ਅਤੇ ਪੱਤਰਕਾਰਾਂ ਦੀ ਅਹਿਮ ਭੂਮਿਕਾ ਰਹੀ ਹੈ। ਬ੍ਰਿਟਿਸ਼ ਸ਼ਾਸਕਾਂ ਨੇ ਪੱਤਰਕਾਰਾਂ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ ਅਤੇ ਸਜਾ, ਜੁਰਮਾਨਾ ਤਕ ਵੀ ਲਗਾਇਆ ਗਿਆ। ਮਗਰ ਸੁਤੰਤਰਤਾ ਦੇ ਦੀਵਾਨੇ ਪੱਤਰਕਾਰਾਂ ਨੇ ਹਿੰਮਤ ਨਹੀਂ ਹਾਰੀ ਅਤੇ ਆਜਾਦੀ ਦੀ ਅਲੱਖ ਜਾਰੀ ਰੱਖੀ। ਦੇਵਰਿਸ਼ੀ ਨਾਰਦ ਪ੍ਰੇਰਣਾ ਸਰੋਤ ਹਨ , ਜਿਨ੍ਹਾਂ ਨੇ ਸਮਾਜ ਵਿਚ ਸਭਿਆਚਾਰ ਅਤੇ ਮੁੱਲਾਂ ਨੂੰ ਜਿੰਦਾ ਰੱਖਣ ਲਈ ਪੱਤਰਕਾਰਤਾ ਕੀਤੀ।

ਪੱਤਰਕਾਰਾਂ ਦੀ ਹਿਤੇਸ਼ੀ ਹੈ ਹਰਿਆਣਾ ਸਰਕਾਰ

ਮੁੱਖ ਮੰਤਰੀ ਨਾਇਬ ਸਿੰਘ ਨੇ ਕਿਹਾ ਕਿ ਹਰਿਆਣਾ ਸਰਕਾਰ ਪੱਤਰਕਾਰਾਂ ਦੀ ਹਿਤੇਸ਼ੀ ਹੈ। ਪੱਤਰਕਾਰਾਂ ਨੂੰ ਪੈਂਸ਼ਣ ਦੇਣ ਦੇ ਨਾਲ ਬੀਮਾ ਸੁਰੱਖਿਆ ਕਵਰ ਅਤੇ ਹਰਿਆਣਾ ਰੋਡਵੇਜ ਦੀ ਬੱਸਾਂ ਵਿਚ ਚਾਰ ਹਜਾਰ ਕਿਲੋਮੀਟਰ ਮੁਫਤ ਯਾਤਰਾ ਦੀ ਸਹੂਲਤਾਂ ਦਿੱਤੀ ਜਾ ਰਹੀ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਸਰਕਾਰ ਵੱਲੋਂ ਪੱਤਰਕਾਰ ਉਥਾਨ ਨੂੰ ਲੈ ਕੇ ਅਨੇਕ ਯੋਜਨਾਵਾਂ ਸ਼ੁਰੂ ਕੀਤੀਆਂ ਗਈਆਂ ਹਨ। ਇੰਨ੍ਹਾਂ ਵਿਚ ਸੱਭ ਤੋਂ ਮਹਤੱਵਪੂਰਨ ਪੱਤਰਕਾਰ ਸਨਮਾਨ ਪੈਂਸ਼ਨ ਯੋਜਨਾ ਹੈ ਜਿਸ ਦੇ ਤਹਿਤ ਪੱਤਰਕਾਰਾਂ ਨੂੰ 15 ਹਜਾਰ ਰੁਪਏ ਮਹੀਨਾ ਪੈਂਸ਼ਨ ਦਿੱਤੀ ਜਾ ਰਹੀ ਹੈ 10 ਲੱਖ ਰੁਪਏ ਦੀ ਗਰੁੱਪ ਇੰਸ਼ੋਰੇਂਸ ਸਕੀਮ ਦਾ ਪ੍ਰੀਮੀਅਮ ਵੀ ਸਰਕਾਰ ਖੁਦ ਭੁਗਤਾਨ ਕਰ ਰਹੀ ਹੈ।

ਇਸ ਮੌਕੇ 'ਤੇ ਸੂਬੇ ਦੇ ਕੌਨੇ-ਕੌਨੇ ਤੋਂ ਆਏ ਪੱਤਰਕਾਰ ਮੌਜੂਦ ਸਨ।

ਬਠਿੰਡਾ ਵਿੱਚ ਜਲਦ ਲਗਾਏ ਜਾਣਗੇ ਤਿੰਨ ਹੋਰ ਸੌਰ ਊਰਜਾ ਪਾਵਰ ਪਲਾਂਟ

ਬਠਿੰਡਾ , 3 ਜੁਲਾਈ
-ਕੌਮੀ ਪੱਤ੍ਰਿਕਾ ਬਿਊਰੋ-

ਸੌਰ ਊਰਜਾ ਨੂੰ ਅਪਣਾ ਕੇ ਖੇਤੀਬਾੜੀ ਸੈਕਟਰ ਨੂੰ ਕਾਰਬਨ-ਮੁਕਤ ਕਰਨ ਦੀ ਦਿਸ਼ਾ ਵਿੱਚ ਇਕ ਹੋਰ ਠੋਸ ਕਦਮ ਚੁੱਕਦਿਆਂ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਬਠਿੰਡਾ ਜ਼ਿਲ੍ਹੇ ਵਿੱਚ 12 ਮੈਗਾਵਾਟ (ਹਰੇਕ ਪਲਾਂਟ 4 ਮੈਗਾਵਾਟ) ਸਮਰੱਥਾ ਦੇ ਤਿੰਨ ਹੋਰ ਸੌਰ ਊਰਜਾ ਪਾਵਰ ਪਲਾਂਟ ਲਗਾਏ ਜਾਣਗੇ।

ਇਹ ਜਾਣਕਾਰੀ ਸਾਂਝੀ ਕਰਦਿਆਂ ਪੰਜਾਬ ਦੇ ਨਵੀਂ ਅਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ ਸ੍ਰੀ ਅਮਨ ਅਰੋੜਾ ਨੇ ਦੱਸਿਆ ਕਿ ਪੰਜਾਬ ਊਰਜਾ ਵਿਕਾਸ ਏਜੰਸੀ (ਪੇਡਾ) ਨੇ ਹਾਲ ਹੀ ਵਿੱਚ ਖੇਤੀਬਾੜੀ ਸਬੰਧੀ ਬਿਜਲੀ ਦੀ ਮੰਗ ਨੂੰ ਪੂਰਾ ਕਰਨ ਲਈ ਬਠਿੰਡਾ ਦੇ ਪਿੰਡ ਤਰਖਾਣਵਾਲਾ ਵਿਖੇ 4 ਮੈਗਾਵਾਟ ਦਾ ਸੂਰਜੀ ਊਰਜਾ ਪਲਾਂਟ ਕਾਰਜਸ਼ੀਲ ਕੀਤਾ ਹੈ। ਇਸ ਪ੍ਰਾਜੈਕਟ ਤੋਂ ਪੈਦਾ ਹੋਈ ਬਿਜਲੀ ਪਿੰਡ ਸੇਖੂ ਸਥਿਤ ਪੀ.ਐਸ.ਪੀ.ਸੀ.ਐਲ. ਦੇ ਗਰਿੱਡ/ਸਬ ਸਟੇਸ਼ਨ ਨੂੰ ਸਪਲਾਈ ਕੀਤੀ ਜਾਂਦੀ ਹੈ। ਇਹ ਪ੍ਰਾਜੈਕਟ ਸਾਲਾਨਾ ਲਗਭਗ 6.65 ਮਿਲੀਅਨ ਯੂਨਿਟ ਬਿਜਲੀ ਪੈਦਾ ਕਰੇਗਾ।

ਸ੍ਰੀ ਅਮਨ ਅਰੋੜਾ ਨੇ ਦੱਸਿਆ ਕਿ 50 ਕਰੋੜ ਦੀ ਲਾਗਤ ਵਾਲੇ 12 ਮੈਗਾਵਾਟ ਸਮਰੱਥਾ ਦੇ ਇਹ ਹੋਰ ਤਿੰਨ ਸੂਰਜੀ ਊਰਜਾ ਪ੍ਰਾਜੈਕਟਾਂ ਦੇ ਜੂਨ 2025 ਤੱਕ ਕਾਰਜਸ਼ੀਲ ਹੋਣ ਦੀ ਆਸ ਹੈ। ਉਨ੍ਹਾਂ ਅੱਗੇ ਦੱਸਿਆ ਇਨ੍ਹਾਂ ਪ੍ਰਾਜੈਕਟਾਂ ਨੂੰ ਸਥਾਪਤ ਕਰਨ ਲਈ ਬਠਿੰਡਾ ਜ਼ਿਲ੍ਹੇ ਦੇ ਪਿੰਡ ਭਾਗੀ ਵਾਂਦਰ, ਸ਼ੇਰਗੜ੍ਹ ਅਤੇ ਕੋਠੇ ਮੱਲੂਆਣਾ ਵਿੱਚ ਲੱਗੇ ਪੀ.ਐਸ.ਪੀ.ਸੀ.ਐਲ ਦੇ 66 ਕੇ.ਵੀ ਸਬ-ਸਟੇਸ਼ਨਾਂ ਨੇੜੇ ਪੰਚਾਇਤੀ ਜ਼ਮੀਨ ਲੀਜ਼ 'ਤੇ ਲਈ ਗਈ ਹੈ।

ਨਵੀਂ ਅਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ ਨੇ ਕਿਹਾ ਕਿ ਇਹ ਪ੍ਰਾਜੈਕਟ ਖੇਤੀਬਾੜੀ ਲਈ ਸੌਰ ਊਰਜਾ ਦੇ ਸੰਕਲਪ ਨੂੰ ਦਰਸਾਉਣਗੇ ਅਤੇ ਪੀ.ਐਸ.ਪੀ.ਸੀ.ਐਲ. ਨੂੰ ਬਹੁਤ ਘੱਟ ਕੀਮਤ 'ਤੇ ਬਿਜਲੀ ਦੀ ਮੰਗ ਨੂੰ ਪੂਰਾ ਕਰਨ ਵਿੱਚ ਮਦਦ ਕਰਨ ਤੋਂ ਇਲਾਵਾ ਸੂਬੇ ਦੇ ਲੋਕਾਂ ਨੂੰ ਬਹੁਤ ਸਾਰੇ ਲਾਭ ਪ੍ਰਦਾਨ ਕਰਨਗੇ। ਉਹਨਾਂ ਕਿਹਾ ਕਿ ਇਹਨਾਂ ਪ੍ਰਾਜੈਕਟਾਂ ਤੋਂ ਲੰਬੇ ਸਮੇਂ ਦੇ ਪੀ.ਪੀ.ਏ. ਤਹਿਤ ਪੀ.ਐਸ.ਪੀ.ਸੀ.ਐਲ. ਨੂੰ 2.748 ਰੁਪਏ ਪ੍ਰਤੀ ਕਿਲੋਵਾਟ ਘੰਟਾ ਦੀ ਦਰ ਮੁਤਾਬਕ ਬਿਜਲੀ ਸਪਲਾਈ ਕੀਤੀ ਜਾਵੇਗੀ।

ਮੁੱਖ ਮੰਤਰੀ ਨੇ ਕੀਤੀ ਅਪੀਲ- ਪ੍ਰਧਾਨ ਮੰਤਰੀ ਦੀ ਅਪੀਲ 'ਤੇ ਸੂਬੇ ਦਾ ਹਰੇਕ ਨਾਗਰਿਕ ਮਾਂ ਦੇ ਨਾਂਅ ਲਗਾਏ ਇਕ ਪੇੜ

ਚੰਡੀਗੜ੍ਹ, 3 ਜੁਲਾਈ
-ਕੌਮੀ ਪੱਤ੍ਰਿਕਾ ਬਿਊਰੋ-

ਹਰਿਆਣਾ ਦੇ ਸਿਹਤ ਮੰਤਰੀ ਡਾ. ਕਮਲ ਗੁਪਤਾ ਨੇ ਵਿਗਿਆਨ ਭਵਨ ਨਵੀਂ ਦਿੱਲੀ ਵਿਚ ਪ੍ਰਬੰਧਿਤ ਆਯੂਸ਼ਮਾਨ ਭਾਰਤ ਗੁਣਵੱਤਾ ਸਿਹਤ ਪ੍ਰੋਗ੍ਰਾਮ ਵਿਚ ਰਾਜ ਦੇ ਤਿੰਨ ਹਸਪਤਾਲਾਂ ਨੂੰ ਪੁਰਸਕ੍ਰਿਤ ਕੀਤਾ ਗਿਆ। ਹਰਿਆਣਾ ਵੱਲੋਂ ਡਾਇਰੈਕਟਰ ਜਨਰਲ ਸਿਹਤ ਸੇਵਾਵਾਂ, ਡਾ. ਰਣਦੀਪ ਸਿੰਘ ਪੁਨਿਆ, ਨਿਦੇਸ਼ਕ ਸਿਹਤ ਸੇਵਾਵਾਂ ਡਾ. ਕੁਲਦੀਪ ਸਿੰਘ ਤੇ ਸਬੰਧਿਤ ਜਿਲ੍ਹੇ ਜਿਲ੍ਹਾ ਸੋਨੀਪਤ ਨੂੰ ਭਾਰਤ ਸਰਕਾਰ ਵੱਲੋਂ ਪੁਰਸਕਾਰ ਦਿੱਤਾ ਗਿਆ। ਇਸ ਸਿਹਤ ਸੰਸਥਾਨਾਂ ਨੂੰ ਮਹਤੱਵਪੂਰਨ ਰੋਗੀ ਦੇਖਭਾਲ ਪ੍ਰਦਾਨ ਕਰਨ ਵਿਚ ਉਨ੍ਹਾਂ ਦੀ ਉਪਲਬਧ ਤੌਰ ਅਤੇ ਕੌਮੀ ਗੁਣਵੱਤਾ ਸਿਹਤ ਮਾਨਕਾਂ ਦੇ ਅਨੁਸਾਰ ਗੁਣਵੱਤਾ ਪ੍ਰਮਾਣ ਵਿਚ ਉਨ੍ਹਾਂ ਦੇ ਵਧੀਆ ਪ੍ਰਦਰਸ਼ਨ ਦੇ ਲਈ ਸਨਮਾਨਿਤ ਕੀਤਾ ਗਿਆ ਹੈ।

ਉਨ੍ਹਾਂ ਨੇ ਦਸਿਆ ਕਿ ਰਾਜ ਦੇ ਸਾਰੇ ਸਿਹਤ ਸੰਸਥਾਨਾਂ ਦਾ 2026 ਤਕ ਗੁੱਣਵੱਤਾ (ਐਨਕਿਯੂਏਐਸ) ਪ੍ਰਮਾਣੀਕਰਣ ਦਾ ਟੀਚਾ ਰੱਖਿਆ ਗਿਆ ਹੈ।

ਸ੍ਰੀ ਸੁਧੀਰ ਰਾਜਪਾਲ ਨੇ ਦਸਿਆ ਕਿ ਹਰਿਆਣਾ ਦੇ 158 ਸਰਕਾਰੀ ਸਿਹਤ ਸੰਸਥਾਵਾਂ ਕੌਮੀ ਗੁਣਵੱਤਾ ਭਰੋਸਾ ਮਾਨਕਾਂ ਦੇ ਪਾਲਣ ਲਈ ਕੇਂਦਰ ਸਰਕਾਰ ਵੱਲੋਂ ਗੁਣਵੱਤਾ ਪ੍ਰਮਾਣਤ ਹੈ। ਜਿਲ੍ਹਾ ਸਿਵਲ ਹਸਪਤਾਲ, ਪੰਚਕੂਲਾ ਅਤੇ ਸ਼ਹਿਰੀ ਪ੍ਰਾਥਮਿਕ ਸਿਹਤ ਕੇਂਦਰ ਕੁਰੂਕਸ਼ੇਤਰ ਐਨਕਿਯੂਐਸ ਪ੍ਰਮਾਣਨ ਪ੍ਰਾਪਤ ਕਰਨ ਵਾਲਾ ਦੇਸ਼ ਦਾ ਪਹਿਲਾ ਜਿਲ੍ਹਾ ਹਸਪਤਾਲ ਹੈ। ਜਿਲ੍ਹਾ ਸਿਵਲ ਹਸਪਤਾਲ ਫਰੀਦਾਬਾਦ ਵੀ ਬਾਲ ਸਿਹਤ ਗੁਣਵੱਤਰ ਸੇਵਾਵਾਂ ਦੇ ਲਈ ਮੁਸਕਾਨ ਪ੍ਰਮਾਣਨ ਪ੍ਰਾਪਤ ਕਰਨ ਵਾਲਾ ਦੇਸ਼ ਦਾ ਪਹਿਲਾ ਸਿਹਤ ਸੰਸਥਾਨ ਹੈ। ਸੋਨੀਪਤ ਦੇ ਆਯੂਸ਼ਮਾਨ ਆਰੋਗ ਮੰਦਿਰ ਸਬ-ਸਿਹਤ ਕੇਂਦਰ ਰਾਏਪੁਰ ਦਾ ਦੇਸ਼ ਵਿਚ ਪਹਿਲਾ ਐਨਕਿਯੂਏਐਸ ਵਰਚੂਅਲ ਨੈਸ਼ਨਲ ਅਸੇਸਮੈਂਟ ਹੋਇਆ ਹੈ ਜਿਸ ਦਾ ਐਨਕਿਯੂਏਐਸ ਪ੍ਰਮਾਣ ਪੱਤਰ ਵੀ ਭਾਰਤ ਸਰਕਾ ਦੇ ਉਪਰੋਕਤ ਆਯੂਸ਼ਮਾਨ ਭਾਰਤ ਗੁਣਵੱਤ ਸਿਹਤ ਪ੍ਰੋਗ੍ਰਾਮ ਵਿਚ ਪ੍ਰਦਰਸ਼ਿਤ ਕੀਤਾ ਗਿਆ।

ਵਾਤਾਵਰਣ ਦੇ ਸੰਤੁਲਨ ਨੂੰ ਬਣਾਏ ਰੱਖਣ ਦਾ ਇਹੀ ਇਕਲੌਤਾ ਤਰੀਕਾ - ਨਾਇਬ ਸਿੰਘ

ਚੰਡੀਗੜ੍ਹ, 3 ਜੁਲਾਈ
-ਕੌਮੀ ਪੱਤ੍ਰਿਕਾ ਬਿਊਰੋ-

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਨੇ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਦੀ ਅਪੀਲ 'ਤੇ ਸੂਬੇ ਦੇ ਹਰੇਕ ਨਾਗਰਿਕ ਤੋਂ ਆਪਣੀ ਮਾਤਾ ਦੇ ਨਾਂਅ 'ਤੇ ਇਕ ਪੇੜ ਲਗਾਉਣ ਦੀ ਅਪੀਲ ਕੀਤੀ। ਸ੍ਰੀ ਨਾਇਬ ਸਿੰਘ ਨੇ ਕਿਹਾ ਕਿ ਸਾਨੂੰ ਪੇੜ ਲਗਾਉਣ ਦੇ ਬਾਅਦ ਉਸ ਨੂੰ ਵੱਡਾ ਹੋਣ ਤਕ ਉਸ ਦੀ ਸੰਭਾਲ ਵੀ ਰੱਖਣੀ ਹੈ। ਵਾਤਾਵਰਣ ਦੇ ਸੰਤੁਲਨ ਨੂੰ ਬਣਾਏ ਰੱਖਣ ਦਾ ਇਹੀ ਇਕਲੌਤਾ ਤਰੀਕਾ ਹੈ।

ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਅੱਜ ਪਿੰਜੌਰ ਦੇ ਬੂਥ ਨੰਬਰ 70 'ਤੇ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਦੇ ਮਨ ਕੀ ਬਾਤ ਪ੍ਰੋਗ੍ਰਾਮ ਦਾ 111ਵਾਂ ਏਪੀਸੋਡ ਸੁਨਣ ਦੇ ਬਾਅਦ ਜਨਸਭਾ ਨੂੰ ਸੰਬੋਧਿਤ ਕਰ ਰਹੇ ਸਨ।

ਸ੍ਰੀ ਨਾਇਬ ਸਿੰਘ ਨੇ ਕਿਹਾ ਕਿ ਸਾਨੂੰ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਵਜੋ ਅਜਿਹੀ ਅਗਵਾਈ ਮਿਲੀ ਹੈ, ਜੋ ਦੇਸ਼ ਦੇ ਨਾਲ-ਨਾਲ ਵਿਸ਼ਵ ਨੂੰ ਵੀ ਰਸਤਾ ਦਿਖਾਉਣ ਦਾ ਕੰਮ ਕਰਦੇ ਹਨ। ਮਨ ਕੀ ਬਾਤ ਪ੍ਰੋਗ੍ਰਾਮ ਵਿਚ ਵੱਖ-ਵੱਖ ਖੇਤਰ ਵਿਚ ਪੂਰਾ ਦੇਸ਼ ਜੁੜਦਾ ਹੈ। ਪ੍ਰਧਾਨ ਮੰਤਰੀ ਮਨ ਕੀ ਬਾਤ ਪ੍ਰੋਗ੍ਰਾਮ

ਵਿਚ ਵੱਖ-ਵੱਖ ਖੇਤਰਾਂ ਵਿਚ ਮਹਾਰਥ ਹਾਸਲ ਕਰਨ ਵਾਲੇ ਲੋਕਾਂ ਨਾਲ ਪਰਿਚੈ ਕਰਵਾਉਂਦੇ ਹਨ। ਅਜਿਹੇ ਪਰਿਚੈ ਨਾਲ ਸਮਾਜ ਤੇ ਦੇਸ਼ ਦੇ ਪ੍ਰਤੀ ਕੰਮਕਰਨ ਦੀ ਪ੍ਰੇਰਣਾ ਮਿਲਦੀ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਵਾਤਾਵਰਣ ਦੇ ਅਸੰਤੁਲਨ ਦੇ ਕਾਰਨ ਅੱਜ ਵਾਤਾਵਰਣ ਵਿਚ ਤਾਪਮਾਨ ਕਾਫੀ ਵੱਧ ਰਿਹਾ ਹੈ। ਹੁਣ 50 ਡਿਗਰੀ ਤੋਂ ਵੱਧ ਤਾਪਮਾਨ ਵੀ ਦੇਖਣ ਨੂੰ ਮਿਲਦਾ ਹੈ।

ਇਸੀ ਸੰਤੁਲਨ ਨੂੰ ਬਨਾਉਣ ਲਈ ਪ੍ਰਧਾਨ ਮੰਤਰੀ ਨੇ ਇਸ ਮੁਹਿੰਮ ਦੀ ਸ਼ੁਰੂਆਤ ਕੀਤੀ, ਜੋ 6 ਜੁਲਾਈ ਤਕ ਚੱਲੇਗਾ। ਉਨ੍ਹਾਂ ਨੇ ਕਿਹਾ ਕਿ ਜਦੋਂ ਵੀ ਗਰਮੀ ਵੱਧ ਹੁੰਦੀ ਹੈ, ਤਾਂ ਸਾਨੂੰ ਪਹਾੜਾਂ ਦੇ ਵੱਲ ਰੁੱਖ ਕਰਦੇ ਹਾਂ, ਉੱਥੇ ਵੱਧ ਪੇੜ-ਪੌਧੇ ਹੋਣ ਦੇ ਕਾਰਨ ਗਰਮੀ ਦਾ ਪ੍ਰਭਾਵ ਘੱਟ ਹੁੰਦਾ ਹੈ। ਸ੍ਰੀ ਨਾਇਬ ਸਿੰਘ ਨੇ ਸੰਕਲਪ ਲੈਂਦੇ ਹੋਏ ਕਿਹਾ ਕਿ ਸਾਨੂੰ ਆਪਣੇ ਜਨਮਦਿਨ ਸਮੇਤ ਹੋਰ ਸਮਾਜਿਕ ਸਮਾਰੋਹ ਵਿਚ ਵੱਧ ਤੋਂ ਵੱਧ ਪੇੜ ਲਗਾਉਣ ਦਾ ਕੰਮ ਕਰਨਾ ਚਾਹੀਦਾ ਹੈ। ਪੇੜ ਲਗਾਉਣ ਦੇ ਨਾਲ-ਨਾਲ ਉਨ੍ਹਾਂ ਦੀ ਦੇਖਭਾਲ ਵੀ ਯਕੀਨੀ ਕੀਤੀ ਜਾਵੇ।

ਸ੍ਰੀ ਨਾਇਬ ਸਿੰਘ ਨੇ ਕਿਹਾ ਕਿ ਭਾਜਪਾ ਦੀ ਸਰਕਾਰ ਨੇ ਜੋ ਕੰਮ ਪਿਛਲੇ 10ਸਾਲਾਂ ਵਿਚ ਕਰਵਾਏ ਹਨ, ਇਸ ਤੋਂ ਪਹਿਲਾਂ ਦੀ ਸਰਕਾਰਾਂ ਨੇ ਕੁੱਲ ਮਿਲਾ ਕੇ ਵੀ ਉਨ੍ਹੇ ਵਿਕਾਸ ਕੰਮ ਨਹੀਂ ਕਰਵਾਏ। ਉਨ੍ਹਾਂ ਨੇ ਕਿਹਾ ਕਿ ਜਦੋਂ ਰਸਤੇ 'ਤੇ ਨਜਰ ਪਾਉਂਦੇ ਹਨ ਤਾਂ ਚਾਰੋਂ ਪਾਸੇ ਨੈਸ਼ਨਲ ਹਾਈਵੇ, ਗ੍ਰੀਨ ਕੋਰੀਡੋਰ, ਐਕਸਪ੍ਰੈਸ-ਵੇ ਨਜਰ ਆਉਂਦੇ ਹਨ। ਰੇਲਵੇ ਲਾਇਨਾਂ ਦਾ ਬਿਜਲੀਕਰਣ ਕਰਨ ਤੋਂ ਇਲਾਵਾ ਦੇਸ਼ ਨੂੰ ਵੰਦੇ ਭਾਰਤ ਵਰਗੀ ਟ੍ਰੇਨਾਂ ਦਿੱਤੀਆਂ ਗਈਆਂ ਹਨ। ਉਨ੍ਹਾਂ ਨੇ ਕਾਰਜਕਰਤਾਵਾਂ ਨੂੰ ਅਪੀਲ ਕੀਤੀ ਕਿ ਉਹ ਕੇਂਦਰ ਤੇ ਸੂਬੇ ਭਾਂਜਪਾ ਸਰਕਾਰ ਦੇ ਕੰਮਾਂ ਦਾ ਘਰ-ਘਰ ਤਕ ਪ੍ਰਚਾਰ ਕਰਨ।

ਗੋਨਿਆਣਾ ਮੰਡੀ ਦੀ ਲੁੱਟ ਖੋਹ ਦੀ ਵਾਰਦਾਤ 36 ਘੰਟਿਆਂ ਵਿੱਚ ਕੀਤੀ ਟਰੇਸ

ਗੋਨਿਆਣਾ ਮੰਡੀ, 3 ਜੁਲਾਈ
-ਕੌਮੀ ਪੱਤ੍ਰਿਕਾ ਬਿਊਰੋ-

ਪੁਲਿਸ ਚੌਕੀ ਗੋਨੇਆਣਾ ਵੱਲੋ ਅਵਤਾਰ ਸਿੰਘ ਇੰਚਾਰਜ਼ ਪੁਲਿਸ ਚੌਕੀ ਗੋਨੇਆਣਾ ਦੀ ਅਗਵਾਈ ਹੇਠ ਬੜੀ ਮੁਸਤੈਦੀ ਤੇ ਅਣਥੱਕ ਮਿਹਨਤ ਨਾਲ ਗੋਨੇਆਣਾ ਮੰਡੀ ਵਿੱਖੇ ਹੋਈ ਲੁੱਟ ਖੋਹ ਦੀ ਵਾਰਦਾਤ ਨੂੰ 36 ਘੰਟਿਆਂ ਵਿੱਚ ਟਰੇਸ ਕਰਕੇ ਇਕ ਦੋਸ਼ੀ ਨੂੰ ਗ੍ਰਿਫ਼ਤਾਰ ਕਰਕੇ ਇਸ ਵਾਰਦਾਤ ਵਿੱਚ ਖੋਹ ਕੀਤਾ ਮੋਬਾਇਲ ਫੋਨ ਬਰਾਮਦ ਕੀਤਾ ਗਿਆ ਹੈ ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਇੰਸਪੈਕਟਰ ਮੇਜਰ ਸਿੰਘ ਮੁੱਖ ਅਫਸਰ ਥਾਣਾ ਨੇਹੀਆਂ ਵਾਲੇ ਨੇ ਦੱਸਿਆ ਕਿ ਮਿਤੀ 27-6-2024 ਨੂੰ ਅਮਿਤ ਕੁਮਾਰ ਪੁੱਤਰ ਸੁਸ਼ੀਲ ਕੁਮਾਰ ਆਪਣੀ ਪਤਨੀ ਸੰਜੂ ਬਾਲਾ ਸਮੇਤ ਬੱਚਾ ਪਾਰਥ ਸਾਡੇ ਘਰੋਂ ਅਪਨੇ ਨਿੱਜੀ ਕੰਮਕਾਰ ਲਈ ਆਪਣੀ ਸਹੇਲੀ ਨੇਹਾ ਪਾਸ ਉਸਦੇ ਘਰ ਗੋਬਿੰਦ

ਜਦੋਂ ਦੇਸ਼ ਦਾ ਵਿਕਾਸ ਹੁੰਦਾ ਹੈ ਤਾਂ ਕਰੋੜਾਂ ਲੋਕਾਂ ਦੇ ਪੂਰੇ ਹੁੰਦੇ ਹਨ ਸੁਫ਼ਨੇ : ਮੋਦੀ

ਗੈਰ-ਕਾਂਗਰਸੀ ਦੇ ਤੀਜੀ ਵਾਰ ਪ੍ਰਧਾਨ ਮੰਤਰੀ ਬਣਨ 'ਤੇ ਵਿਰੋਧੀ ਧਿਰ ਪ੍ਰੇਸ਼ਾਨ: ਮੋਦੀ

ਨਵੀਂ ਦਿੱਲੀ, 3 ਜੁਲਾਈ
-ਕੌਮੀ ਪੱਤ੍ਰਿਕਾ ਬਿਊਰੋ-

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਲੋਕ ਸਭਾ 'ਚ ਧੰਨਵਾਦ ਮਤੇ 'ਤੇ ਚਰਚਾ ਦਾ ਜਵਾਬ ਦੇ ਰਹੇ ਹਨ। ਇਸ ਦੌਰਾਨ ਪੀਐੱਮ ਮੋਦੀ ਨੇ ਕਿਹਾ ਕਿ ਜਨਤਾ ਨੇ ਸਾਡੀ 10 ਸਾਲਾਂ ਦੀ ਸਰਕਾਰ ਦਾ ਟ੍ਰੈਕ ਰਿਕਾਰਡ ਦੇਖ ਲਿਆ ਹੈ। ਅਸੀਂ ਲੋਕ ਸੇਵਾ ਅਤੇ ਪ੍ਰਮਾਤਮਾ ਦੀ ਸੇਵਾ ਨੂੰ ਆਪਣਾ ਮੰਤਰ ਬਣਾ ਕੇ ਕੰਮ ਕੀਤਾ ਹੈ। ਦੇਸ਼ ਨੇ ਸਾਨੂੰ ਭ੍ਰਿਸ਼ਟਾਚਾਰ ਪ੍ਰਤੀ ਆਪਣੀ ਜ਼ੀਰੋ ਟੋਲਰੈਂਸ ਨੀਤੀ ਦੀ ਬਖਸ਼ਿਸ਼ ਕੀਤੀ ਹੈ। ਅੱਜ ਭਾਰਤ ਦੁਨੀਆ 'ਚ ਮਾਣ ਮਹਿਸੂਸ ਕਰ ਰਿਹਾ ਹੈ। ਪੀਐੱਮ ਮੋਦੀ ਨੇ ਕਿਹਾ ਕਿ ਦੁਨੀਆ ਵਿੱਚ ਭਰੋਸੇਯੋਗਤਾ ਵਧੀ ਹੈ। ਹਰ ਭਾਰਤੀ ਵੀ ਭਾਰਤ ਨੂੰ ਦੇਖ ਕੇ ਮਾਣ ਮਹਿਸੂਸ ਕਰ ਰਿਹਾ ਹੈ। ਪਿਛਲੇ 10 ਸਾਲਾਂ ਵਿੱਚ ਸਾਡੀ ਸਰਕਾਰ ਸਬਕਾ ਸਾਥ, ਸਬਕਾ ਵਿਕਾਸ ਦੇ ਮੰਤਰ 'ਤੇ ਚੱਲ ਕੇ ਸਾਰਿਆਂ ਦੀ ਭਲਾਈ ਕਰਨ ਦੀ ਕੋਸ਼ਿਸ਼ ਕਰ ਰਹੀ ਹੈ।

ਪੀਐੱਮ ਮੋਦੀ ਨੇ ਕਿਹਾ ਕਿ ਇਸ ਦੇਸ਼ ਨੇ ਲੰਬੇ ਸਮੇਂ ਤੋਂ ਤੁਸ਼ਟੀਕਰਨ ਦੀ ਰਾਜਨੀਤੀ ਦੇਖੀ ਹੈ। ਅਸੀਂ ਸੰਤੁਸ਼ਟੀ ਦੇ ਵਿਚਾਰ ਦੀ ਪਾਲਣਾ ਕਰਦੇ ਹਾਂ, ਤੁਸ਼ਟੀਕਰਨ ਦੀ ਨਹੀਂ। ਰਾਸ਼ਟਰਪਤੀ ਦੇ ਦੇਸ਼ ਦਾ ਮਾਰਗ ਦਰਸ਼ਨ ਕੀਤਾ। ਪੀਐੱਮ ਮੋਦੀ ਨੇ ਕਿਹਾ ਕਿ ਸਾਡੇ ਕਾਰਜਕਾਲ ਦੌਰਾਨ 25 ਕਰੋੜ ਲੋਕ ਗ਼ਰੀਬੀ ਤੋਂ ਬਾਹਰ ਆਏ ਹਨ, ਇਹ ਚੋਣਾਂ ਸਾਡੇ ਲਈ ਵਰਦਾਨ ਬਣ ਗਈਆਂ ਹਨ। ਪ੍ਰਧਾਨ ਮੰਤਰੀ ਮੋਦੀ ਨੇ ਲੋਕ ਸਭਾ ਵਿੱਚ ਕਿਹਾ: ਮੈਂ ਦੇਸ਼ ਵਾਸੀਆਂ ਨੂੰ ਭਰੋਸਾ ਦਿਵਾਉਂਦਾ ਹਾਂ ਕਿ ਅਸੀਂ ਇੱਕ ਵਿਕਸਤ ਭਾਰਤ ਦੇ ਸੰਕਲਪ ਲਈ ਪੂਰੀ ਇਮਾਨਦਾਰੀ ਨਾਲ ਕੋਸ਼ਿਸ਼ ਕਰਾਂਗੇ ਅਤੇ ਇਸ ਸੁਫ਼ਨੇ ਨੂੰ ਪੂਰਾ ਕਰਨ ਲਈ ਆਪਣੇ ਸਮੇਂ ਦਾ ਹਰ ਪਲ ਅਤੇ ਆਪਣੇ ਸਰੀਰ ਦੇ ਹਰ ਕਣ ਨੂੰ ਸਮਰਪਿਤ ਕਰਾਂਗੇ।

ਪੀਐੱਮ ਮੋਦੀ ਨੇ ਕਿਹਾ ਕਿ ਮੇਰੀ ਸਰਕਾਰ ਦੀਆਂ ਬਹੁਤ ਸਾਰੀਆਂ ਸਫਲਤਾਵਾਂ ਅਤੇ ਪ੍ਰਾਪਤੀਆਂ ਹਨ, ਜਿਨ੍ਹਾਂ ਵਿੱਚੋਂ ਇੱਕ ਮੁੱਖ ਪ੍ਰਾਪਤੀ ਇਹ ਹੈ ਕਿ ਦੇਸ਼ ਨਿਰਾਸ਼ਾ ਦੇ ਟੋਏ ਵਿੱਚੋਂ ਨਿਕਲਿਆ ਅਤੇ ਆਤਮ-ਵਿਸ਼ਵਾਸ ਦੀਆਂ ਉਚਾਈਆਂ 'ਤੇ ਪਹੁੰਚ ਗਿਆ ਹੈ। ਜਨਤਾ ਨੇ ਵਿਕਸਤ ਭਾਰਤ ਦੇ ਸੰਕਲਪ ਨੂੰ ਵਧਾ ਕੇ ਅਤੇ ਇਸ ਨੂੰ ਇੱਕ ਵਾਰ ਫਿਰ ਤੋਂ ਜੇਤੂ ਬਣਾ ਕੇ ਸੇਵਾ ਕਰਨ ਦਾ ਮੌਕਾ ਦਿੱਤਾ ਹੈ। ਜਦੋਂ ਦੇਸ਼ ਦਾ ਵਿਕਾਸ ਹੁੰਦਾ ਹੈ ਤਾਂ ਕਰੋੜਾਂ ਲੋਕਾਂ ਦੇ ਸੁਫ਼ਨੇ ਪੂਰੇ ਹੁੰਦੇ ਹਨ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਐਨਡੀਏ ਦੇ ਸੰਸਦ ਮੈਂਬਰਾਂ ਨੂੰ ਸੰਸਦੀ ਨਿਯਮਾਂ ਅਤੇ ਵਿਹਾਰ ਦੀ ਪਾਲਣਾ ਕਰਨ ਅਤੇ ਸੀਨੀਅਰ ਮੈਂਬਰਾਂ ਦੇ ਤਜਰਬਿਆਂ ਤੋਂ ਸਿੱਖਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਦੀਆਂ ਇਹ ਟਿੱਪਣੀਆਂ ਸੱਤਾਧਿਰ ਧਿਰ ਵੱਲੋਂ ਵਿਰੋਧੀ ਧਿਰ ਦੇ ਆਗੂ ਰਾਹੁਲ ਗਾਂਧੀ 'ਤੇ ਸਭ ਤੋਂ ਗੈਰ-ਜ਼ਿੰਮੇਵਾਰਾਨਾ ਭਾਸ਼ਣ ਦੇਣ ਦੇ ਦੋਸ਼ ਲਗਾਉਣ ਤੋਂ ਇੱਕ ਦਿਨ ਬਾਅਦ ਆਈਆਂ ਹਨ। ਐਨਡੀਏ ਦੇ ਸੰਸਦ ਮੈਂਬਰਾਂ ਦੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਮੋਦੀ ਨੇ ਕਿਹਾ ਕਿ ਵਿਰੋਧੀ ਧਿਰ ਇਸ ਲਈ ਪ੍ਰੇਸ਼ਾਨ ਹੈ ਕਿ ਪਹਿਲੀ ਵਾਰ ਕੋਈ ਗੈਰ-ਕਾਂਗਰਸੀ ਆਗੂ ਲਗਾਤਾਰ ਤੀਜੀ ਵਾਰ ਦੇਸ਼ ਦਾ ਪ੍ਰਧਾਨ ਮੰਤਰੀ ਬਣਿਆ ਹੈ।

ਪੰਜਾਬ ਏ.ਆਈ.ਐਫ ਸਕੀਮ ਅਧੀਨ ਪ੍ਰਾਜੈਕਟਾਂ ਨੂੰ ਮਨਜ਼ੂਰੀ ਦੇਣ ਵਿੱਚ ਦੇਸ਼ ਵਿੱਚੋਂ ਮੋਹਰੀ

➢ ਸਭ ਤੋਂ ਵੱਧ ਪ੍ਰਾਜੈਕਟਾਂ ਨੂੰ ਮਨਜ਼ੂਰੀ ਦੇਣ ਵਾਲੇ ਦੇਸ਼ ਦੇ ਚੋਟੀ ਦੇ ਦਸ ਜ਼ਿਲ੍ਹਿਆਂ ਵਿੱਚ ਪੰਜਾਬ ਦੇ 9 ਜ਼ਿਲ੍ਹੇ ਸ਼ਾਮਲ ➢ ਸੂਬੇ ਨੇ ਕਿਸਾਨ ਭਲਾਈ ਲਈ 14199 ਅਹਿਮ ਪ੍ਰਾਜੈਕਟਾਂ ਨੂੰ ਦਿੱਤੀ ਮਨਜ਼ੂਰੀ

ਚੰਡੀਗੜ੍ਹ, 3 ਜੁਲਾਈ
-ਕੌਮੀ ਪੱਤ੍ਰਿਕਾ ਬਿਊਰੋ-

ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਵਿੱਚ ਖੇਤੀਬਾੜੀ ਬੁਨਿਆਦੀ ਢਾਂਚਾ ਫੰਡ (ਏ.ਆਈ.ਐਫ.) ਨੂੰ ਉਤਸ਼ਾਹਿਤ ਕਰਨ ਵਿੱਚ ਲਗਾਤਾਰ ਮਿਸਾਲੀ ਕਦਮ ਚੁੱਕ ਰਹੀ ਹੈ। ਸੂਬੇ ਨੇ ਏ.ਆਈ.ਐਫ. ਸਕੀਮ ਅਧੀਨ ਸਭ ਤੋਂ ਵੱਧ ਪ੍ਰਵਾਨਿਤ ਪ੍ਰਾਜੈਕਟਾਂ ਨਾਲ ਲਗਾਤਾਰ ਕਈ ਮਹੀਨਿਆਂ ਤੋਂ ਭਾਰਤ ਵਿੱਚ ਆਪਣਾ ਪਹਿਲਾ ਸਥਾਨ ਬਰਕਰਾਰ ਰੱਖਿਆ ਹੋਇਆ ਹੈ। ਇਹ ਜਾਣਕਾਰੀ ਅੱਜ ਇੱਥੇ ਬਾਗ਼ਬਾਨੀ ਮੰਤਰੀ ਸ. ਚੇਤਨ ਸਿੰਘ ਜੌੜਾਮਾਜਰਾ ਨੇ ਦਿੱਤੀ। ਕੈਬਨਿਟ ਮੰਤਰੀ ਨੇ ਦੱਸਿਆ ਕਿ ਸਭ ਤੋਂ ਵੱਧ ਪ੍ਰਾਜੈਕਟਾਂ ਨੂੰ ਮਨਜ਼ੂਰੀ ਦੇਣ ਵਾਲੇ ਦੇਸ਼ ਦੇ ਸਿਖਰਲੇ ਦਸ ਜ਼ਿਲ੍ਹਿਆਂ ਵਿੱਚ ਪੰਜਾਬ ਦੇ 9 ਜ਼ਿਲ੍ਹੇ ਸ਼ਾਮਲ ਹਨ। ਉਨ੍ਹਾਂ ਦੱਸਿਆ ਕਿ ਪੰਜਾਬ ਨੇ ਕਿਸਾਨ ਭਲਾਈ ਲਈ 14199 ਅਹਿਮ ਪ੍ਰਾਜੈਕਟਾਂ ਨੂੰ ਪ੍ਰਵਾਨਗੀ ਦਿੱਤੀ ਹੈ। ਇਹ ਪ੍ਰਾਪਤੀ ਨਾ ਸਿਰਫ਼ ਏ.ਆਈ.ਐਫ. ਸਕੀਮ ਅਧੀਨ ਪੰਜਾਬ ਦੀ ਸਥਿਤੀ ਨੂੰ ਮਜ਼ਬੂਤ ਕਰਦੀ ਹੈ, ਸਗੋਂ ਸੂਬੇ ਵਿੱਚ ਖੇਤੀਬਾੜੀ-ਪੱਖੀ ਪ੍ਰਗਤੀਸ਼ੀਲ ਮਾਹੌਲ ਅਤੇ ਵਾਢੀ ਉਪਰੰਤ ਪ੍ਰਬੰਧਨ ਸਬੰਧੀ ਬੁਨਿਆਦੀ ਢਾਂਚੇ ਦੇ ਵਿਕਾਸ ਨੂੰ ਵੀ ਦਰਸਾਉਂਦੀ ਹੈ। ਦੱਸ ਦੇਈਏ ਕਿ ਸਭ ਤੋਂ ਵੱਧ ਪ੍ਰਾਜੈਕਟਾਂ ਨੂੰ ਮਨਜ਼ੂਰੀ ਦੇਣ ਵਾਲੇ ਚੋਟੀ ਦੇ 10 ਜ਼ਿਲ੍ਹਿਆਂ ਵਿੱਚ ਛਤਰਪਤੀ ਸੰਭਾਜੀਨਗਰ (ਪਹਿਲਾਂ ਔਰੰਗਾਬਾਦ, ਮਹਾਰਾਸ਼ਟਰ) ਨੇ 1828 ਪ੍ਰਾਜੈਕਟ ਮਨਜ਼ੂਰ ਕੀਤੇ ਹਨ ਜਦਕਿ ਬਾਕੀ ਦੇ 9 ਜ਼ਿਲ੍ਹੇ ਪੰਜਾਬ ਨਾਲ ਸਬੰਧਤ ਹਨ, ਜਿਨ੍ਹਾਂ ਵਿੱਚ 1575 ਪ੍ਰਾਜੈਕਟਾਂ ਨਾਲ ਜ਼ਿਲ੍ਹਾ ਬਠਿੰਡਾ, 1464 ਪ੍ਰਾਜੈਕਟਾਂ ਨਾਲ ਲੁਧਿਆਣਾ, 1440 ਪ੍ਰਾਜੈਕਟਾਂ ਨਾਲ ਪਟਿਆਲਾ, 1439 ਪ੍ਰਾਜੈਕਟਾਂ ਨਾਲ ਸੰਗਰੂਰ, 1367 ਪ੍ਰਾਜੈਕਟਾਂ ਨਾਲ ਫ਼ਾਜ਼ਿਲਕਾ, 1100 ਪ੍ਰਾਜੈਕਟਾਂ ਨਾਲ ਸ੍ਰੀ ਮੁਕਤਸਰ ਸਾਹਿਬ, 758 ਪ੍ਰਾਜੈਕਟਾਂ ਨਾਲ ਫ਼ਿਰੋਜ਼ਪੁਰ, 723 ਪ੍ਰਾਜੈਕਟਾਂ ਨਾਲ ਮਾਨਸਾ ਅਤੇ 681 ਪ੍ਰਾਜੈਕਟਾਂ ਨਾਲ ਜ਼ਿਲ੍ਹਾ ਮੋਗਾ ਨੇ ਸਥਾਨ ਮੱਲਿਆ ਹੈ।

ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਸ. ਚੇਤਨ ਸਿੰਘ ਜੌੜਾਮਾਜਰਾ ਨੇ ਦੱਸਿਆ ਕਿ ਪੰਜਾਬ ਵਿਚ 14199 ਪ੍ਰਾਜੈਕਟਾਂ ਰਾਹੀਂ ਕਿਸਾਨ ਅਤੇ ਖੇਤੀ ਉੱਦਮੀ ਸੂਬੇ ਵਿੱਚ 5938 ਕਰੋੜ ਰੁਪਏ ਦੇ ਵੱਡੇ ਨਿਵੇਸ਼ ਕਰਨਗੇ। ਉਨ੍ਹਾਂ ਦੱਸਿਆ ਕਿ ਏ.ਆਈ.ਐਫ. ਸਕੀਮ ਅਧੀਨ ਵਾਢੀ ਉਪਰੰਤ ਪ੍ਰਬੰਧਨ ਸਬੰਧੀ ਵੱਖ-ਵੱਖ ਗਤੀਵਿਧੀਆਂ ਵਿੱਚ ਸਹਾਇਤਾ ਕੀਤੀ ਜਾਂਦੀ ਹੈ ਜਿਸ ਵਿੱਚ ਪ੍ਰਾਇਮਰੀ ਪ੍ਰੋਸੈਸਿੰਗ (ਆਟਾ ਚੱਕੀ, ਤੇਲ ਕੱਢਣ ਵਾਲੀਆਂ ਮਸ਼ੀਨਾਂ, ਮਸਾਲਾ ਪ੍ਰੋਸੈਸਿੰਗ, ਮਿਲਿੰਗ ਆਦਿ), ਸਟੋਰੇਜ ਸਹੂਲਤਾਂ (ਜਿਵੇਂ ਗੋਦਾਮ, ਕੋਲਡ ਸਟੋਰ, ਸਿਲੋਜ਼ ਆਦਿ), ਕਸਟਮ ਹਾਇਰਿੰਗ ਸੈਂਟਰ (ਘੱਟੋ-ਘੱਟ 4 ਉਪਕਰਣ), ਛਾਂਟੀ ਅਤੇ ਗਰੇਡਿੰਗ ਯੂਨਿਟ, ਬੀਜ ਪ੍ਰੋਸੈਸਿੰਗ ਯੂਨਿਟ, ਆਰਗੈਨਿਕ ਸਮੱਗਰੀ ਉਤਪਾਦਨ, ਫ਼ਸਲ ਰਹਿੰਦ-ਖੂੰਹਦ ਸਬੰਧੀ ਪ੍ਰਬੰਧਨ ਪ੍ਰਣਾਲੀਆਂ, ਕੰਪਰੈੱਸਡ ਬਾਇਓਗੈਸ ਪਲਾਂਟ, ਸੋਲਰ ਪੰਪ, ਰਾਈਪਨਿੰਗ ਚੈਂਬਰ ਆਦਿ ਸ਼ਾਮਲ ਹਨ। ਇਸ ਤੋਂ ਇਲਾਵਾ ਸਕੀਮ ਅਧੀਨ ਮੌਜੂਦਾ ਯੋਗ ਬੁਨਿਆਦੀ ਢਾਂਚੇ ਲਈ ਸੋਲਰ ਪੈਨਲਾਂ ਵਾਸਤੇ ਵਿੱਤੀ ਸਹਾਇਤਾ ਪ੍ਰਦਾਨ ਕਰਨ ਵਿੱਚ ਵੀ ਸਹਾਇਤਾ ਦਿੱਤੀ ਜਾਂਦੀ ਹੈ।

ਕੈਬਨਿਟ ਮੰਤਰੀ ਨੇ ਦੱਸਿਆ ਕਿ ਬਾਗ਼ਬਾਨੀ ਵਿਭਾਗ, ਪੰਜਾਬ ਵਿੱਚ ਏ.ਆਈ.ਐਫ. ਲਈ ਸਟੇਟ ਨੋਡਲ ਏਜੰਸੀ (ਐਸ.ਐਨ.ਏ) ਵਜੋਂ ਕੰਮ ਕਰ ਰਿਹਾ ਹੈ ਜਿਸ ਨੇ ਸਕੀਮ ਦੇ ਉਪਬੰਧਾਂ ਅਨੁਸਾਰ ਇੱਕ ਸਮਰਪਿਤ ਪ੍ਰਾਜੈਕਟ ਨਿਗਰਾਨ ਯੂਨਿਟ (ਪੀ.ਐਮ.ਯੂ) ਸਥਾਪਤ ਕੀਤੀ ਹੋਈ ਹੈ। ਇਸ ਤੋਂ ਇਲਾਵਾ ਕਿਸਾਨਾਂ ਤੱਕ ਪਹੁੰਚ ਵਧਾਉਣ ਲਈ ਇੱਕ ਵੱਟਸਐਪ ਹੈਲਪਲਾਈਨ ਨੰਬਰ (90560-92906) ਵੀ ਸ਼ੁਰੂ ਕੀਤਾ ਗਿਆ ਹੈ ਅਤੇ ਸੋਸ਼ਲ ਮੀਡੀਆ ਪਲੇਟਫ਼ਾਰਮਾਂ 'ਤੇ ਨਿਯਮਤ ਰੂਪ ਵਿੱਚ ਅਪਡੇਟ ਸਾਂਝੇ ਕੀਤੇ ਜਾ ਰਹੇ ਹਨ।

ਉਨ੍ਹਾਂ ਦੱਸਿਆ ਕਿ ਸੂਬੇ ਦੀ ਪ੍ਰਭਾਵੀ ਰੈਂਕਿੰਗ ਐਸ.ਐਨ.ਏ, ਪੀ.ਐਮ.ਯੂ ਅਤੇ ਵੱਖ-ਵੱਖ ਭਾਈਵਾਲਾਂ ਦਰਮਿਆਨ ਬਿਹਤਰ ਤਾਲਮੇਲ ਨੂੰ ਦਰਸਾਉਂਦੀ ਹੈ। ਇਸੇ ਤਰ੍ਹਾਂ ਸੂਬੇ ਦੇ ਬੈਂਕ ਵੀ ਏ.ਆਈ.ਐਫ. ਸਕੀਮ ਅਧੀਨ ਪ੍ਰਾਜੈਕਟਾਂ ਨੂੰ ਉਤਸ਼ਾਹਿਤ ਕਰਨ ਅਤੇ ਮਨਜ਼ੂਰੀ ਦੇਣ ਵਿੱਚ ਮਿਸਾਲੀ ਯੋਗਦਾਨ ਪਾ ਰਹੇ ਹਨ ਜਿਸ ਸਦਕਾ ਕਿਸਾਨਾਂ ਅਤੇ ਖੇਤੀ ਉਦਮੀਆਂ ਨੂੰ ਵਿੱਤੀ ਸਹਾਇਤਾ ਤੱਕ ਆਸਾਨ ਪਹੁੰਚ ਅਤੇ ਵਾਢੀ ਉਪਰੰਤ ਪ੍ਰਬੰਧਨ ਸਬੰਧੀ ਪ੍ਰਾਜੈਕਟ ਸਥਾਪਤ ਕਰਨ ਵਿੱਚ ਕਾਫ਼ੀ ਮਦਦ ਮਿਲ ਰਹੀ ਹੈ।

ਇਸੇ ਦੌਰਾਨ ਡਾਇਰੈਕਟਰ ਬਾਗ਼ਬਾਨੀ ਅਤੇ ਏ.ਆਈ.ਐਫ ਦੀ ਰਾਜ ਨੋਡਲ ਅਫਸਰ ਸ੍ਰੀਮਤੀ ਸ਼ੈਲਿੰਦਰ ਕੌਰ ਨੇ ਦੱਸਿਆ ਕਿ ਏ.ਆਈ.ਐਫ. ਸਕੀਮ ਤਹਿਤ ਲਾਭਪਾਤਰੀ 7 ਸਾਲਾਂ ਲਈ 2 ਕਰੋੜ ਰੁਪਏ ਤੱਕ ਦੇ ਮਿਆਦੀ ਕਰਜ਼ੇ 'ਤੇ ਵਿਆਜ ਵਿੱਚ 3 ਫ਼ੀਸਦੀ ਤੱਕ ਸਹਾਇਤਾ ਲੈ ਸਕਦੇ ਹਨ। ਉਨ੍ਹਾਂ ਅੱਗੇ ਦੱਸਿਆ ਕਿ 9 ਫ਼ੀਸਦੀ ਦੀ ਵੱਧ ਤੋਂ ਵੱਧ ਵਿਆਜ ਦਰ ਨਾਲ, ਲਾਗੂ ਵਿਆਜ ਦਰ 6 ਫ਼ੀਸਦੀ ਜਾਂ ਇਸ ਤੋਂ ਘੱਟ ਬਣਦੀ ਹੈ। ਇਨ੍ਹਾਂ ਲਾਭਾਂ ਨੂੰ ਸਾਰੀਆਂ ਸੂਬਾਈ ਅਤੇ ਕੇਂਦਰੀ ਸਬਸਿਡੀਆਂ ਨਾਲ ਜੋੜਿਆ ਜਾ ਸਕਦਾ ਹੈ ਅਤੇ ਪ੍ਰਾਜੈਕਟ ਸੀ.ਜੀ.ਟੀ.ਐਮ.ਐਸ.ਈ. ਸਕੀਮ ਅਧੀਨ ਲਾਭ ਲਿਆ ਜਾ ਸਕਦਾ ਹੈ।

ਉਨ੍ਹਾਂ ਦੱਸਿਆ ਕਿ ਪ੍ਰਾਇਮਰੀ ਐਗਰੀਕਲਚਰਲ ਕਰੈਡਿਟ ਸੁਸਾਇਟੀਆਂ (ਪੀ.ਏ.ਸੀ.ਐਸ.) ਲਈ ਸੂਬੇ ਵਿੱਚ ਜਨਤਕ ਬੁਨਿਆਦੀ ਢਾਂਚਾ ਸਥਾਪਤ ਕਰਨ ਦਾ ਸੁਨਹਿਰੀ ਮੌਕਾ ਹੈ। ਨਾਬਾਰਡ ਵੱਲੋਂ ਏ.ਆਈ.ਐਫ. ਨੂੰ ਐਮ.ਐਸ.ਸੀ. ਸਕੀਮ ਦੇ ਰੂਪ ਵਿੱਚ ਪੀ.ਏ.ਸੀ.ਐਸ. ਨਾਲ ਜੋੜ ਕੇ ਪੀ.ਏ.ਸੀ.ਐਸ ਵੱਲੋਂ 1 ਫ਼ੀਸਦੀ ਪ੍ਰਭਾਵੀ ਵਿਆਜ ਦਰ 'ਤੇ ਕਰਜ਼ਾ ਪ੍ਰਾਪਤ ਕੀਤਾ ਜਾ ਸਕਦਾ ਹੈ।

ਬਰਸਾਤੀ ਪਾਣੀ ਦੀ ਨਿਕਾਸੀ ਦੇ ਰੋਕ ਟੋਕ ਪ੍ਰਬੰਧ ਯਕੀਨੀ ਬਣਾਏ ਜਾਣ- ਰਾਜਪਾਲ ਸੇਖੋ

ਸ੍ਰੀ ਅਨੰਦਪੁਰ ਸਾਹਿਬ, 3 ਜੁਲਾਈ
-ਕੌਮੀ ਪੱਤ੍ਰਿਕਾ ਬਿਊਰੋ-

ਜਿਲ੍ਹੇ ਦੇ ਡਿਪਟੀ ਕਮਿਸ਼ਨਰ ਡਾ.ਪ੍ਰੀਤੀ ਯਾਦਵ ਦੀ ਅਗਵਾਈ ਹੇਠ ਅੱਜ ਹੜ੍ਹ ਰੋਕੂ ਪ੍ਰਬੰਧਾਂ ਦੀਆਂ ਅਗਾਓ ਤਿਆਰੀਆਂ ਦਾ ਜਮੀਨੀ ਪੱਧਰ ਤੇ ਨਿਰੀਖਣ ਕਰਨ ਅਤੇ ਆਮ ਲੋਕਾਂ ਦੇ ਜਾਨ ਮਾਲ ਤੇ ਪਸ਼ੂ ਧੰਨ ਦੀ ਰਾਖੀ ਲਈ ਹੜ੍ਹਾਂ ਤੋ ਰੋਕਥਾਮ ਵਾਸਤੇ ਕੀਤੇ ਅਗਾਓ ਪ੍ਰਬੰਧਾਂ ਦਾ ਜਾਇਜਾ ਰਾਜਪਾਲ ਸਿੰਘ ਸੇਖੋ ਉਪ ਮੰਡਲ ਮੈਜਿਸਟ੍ਰੇਟ ਸ੍ਰੀ ਅਨੰਦਪੁਰ ਸਾਹਿਬ ਨੇ ਲਿਆ, ਉਨ੍ਹਾਂ ਦੇ ਨਾਲ ਹਰਬਖਸ਼ ਸਿੰਘ ਕਾਰਜ ਸਾਧਕ ਅਫਸਰ ਸ੍ਰੀ ਅਨੰਦਪੁਰ ਸਾਹਿਬ ਮੌਜੂਦ ਸਨ।

ਰਾਜਪਾਲ ਸਿੰਘ ਸੇਖੋ ਉਪ ਮੰਡਲ ਮੈਜਿਸਟ੍ਰੇਟ ਨੇ ਅੱਜ ਲੋਦੀਪੁਰ ਫਾਟਕ, ਤੰਦੂਰੀ ਪੁਆਇੰਟ, ਟੀ ਪੁਆਇੰਟ ਵੇਰਕਾਂ ਚੌਕ ਵਿਖੇ ਪਹੁੰਚ ਕੇ ਬਰਸਾਤੀ ਪਾਣੀ ਦੀ ਨਿਕਾਸੀ ਵਾਲੀਆਂ ਥਾਵਾ ਦੀ ਸਫਾਈ ਦਾ ਜਾਇਜਾ ਲਿਆ, ਉਨ੍ਹਾਂ ਨੇ ਨਿਰਦੇਸ਼ ਦਿੱਤੇ ਕਿ ਬਰਸਾਤੀ ਪਾਣੀ ਵਿਚ ਰੁਕਾਵਟਾ ਦੀ ਜਲਭਰਾਓ ਦਾ ਕਾਰਨ ਬਣਦੀਆਂ ਹਨ, ਸ਼ਹਿਰਾ ਵਿਚ ਪਾਣੀ ਰੁੱਕ ਜਾਣ ਕਾਰਨ ਸੀਵਰੇਜ ਓਵਰਫਲੋਅ ਹੋ ਜਾਂਦੇ, ਗਲਿਆ, ਨਾਲੀਆਂ ਤੇ ਸੜਕਾਂ ਤੇ ਪਾਣੀ ਖੜ੍ਹ ਜਾਂਦਾ ਤੇ ਲੋਕਾਂ ਤੇ ਘਰ ਅੰਦਰ ਦਾਖਲ ਹੋ ਜਾਂਦਾ ਹੈ। ਜਿਸ ਕਾਰਨ ਗੰਦਗੀ ਫੈਲਦੀ ਹੈ ਤੇ ਬਿਮਾਰੀਆਂ ਵੱਧਣ ਦਾ ਖਤਰਾ ਵੱਧ ਜਾਂਦਾ ਹੈ, ਜਦੋਂ ਕਿ ਜੇਕਰ ਪਾਣੀ ਦੀ ਨਿਕਾਸੀ ਨਿਰਵਿਘਨ ਰਹੇ ਤਾਂ ਬਰਸਾਤਾ ਦੌਰਾਨ ਸ਼ਹਿਰਾ ਵਿਚ ਸਵੱਛਤਾ ਬਰਕਰਾਰ ਰਹਿੰਦੀ ਹੈ।

ਡੀ.ਪੀ.ਆਰ.ਓ. ਦਫ਼ਤਰ ਪਟਿਆਲਾ ਦੇ ਕਰਮਚਾਰੀ ਰਜਿੰਦਰ ਸਿੰਘ ਵਿਰਕ 30 ਸਾਲ ਦੀਆਂ ਸ਼ਾਨਦਾਰ ਸੇਵਾਵਾਂ ਉਪਰੰਤ ਹੋਏ ਸੇਵਾਮੁਕਤ

ਪਟਿਆਲਾ, 3 ਜੁਲਾਈ
-ਅਮਰਜੀਤ ਸਿੰਘ ਲਾਂਬਾ-
-ਕੌਮੀ ਪੱਤ੍ਰਿਕਾ ਬਿਊਰੋ-

ਲੋਕ ਸੰਪਰਕ ਵਿਭਾਗ ਵਿੱਚ ਬਤੌਰ ਕਲਾਕਾਰ ਸੇਵਾਵਾਂ ਨਿਭਾ ਰਹੇ ਸ੍ਰੀ ਰਜਿੰਦਰ ਸਿੰਘ ਵਿਰਕ ਆਪਣੀ 30 ਸਾਲਾਂ ਦੀ ਸ਼ਾਨਦਾਰ ਸੇਵਾ ਉਪਰੰਤ ਸੇਵਾਮੁਕਤ ਹੋ ਗਏ। ਉਨ੍ਹਾਂ ਨੂੰ ਅੱਜ ਪਟਿਆਲਾ ਵਿਖੇ ਸਥਿਤ ਲੋਕ ਸੰਪਰਕ ਵਿਭਾਗ ਵੱਲੋਂ ਵਿਦਾਇਗੀ ਪਾਰਟੀ ਦਿੱਤੀ ਗਈ ਜਿਸ ਵਿੱਚ ਸਮੁੱਚੇ ਸਟਾਫ ਸਮੇਤ ਸ੍ਰੀ ਰਜਿੰਦਰ ਸਿੰਘ ਵਿਰਕ ਦੇ ਪਰਿਵਾਰਕ ਮੈਂਬਰਾਂ ਨੇ ਵੀ ਸ਼ਿਰਕਤ ਕੀਤੀ। ਇਸ ਮੌਕੇ ਵਿਭਾਗ ਦੇ ਕਰਮਚਾਰੀਆਂ ਵੱਲੋਂ ਉਨ੍ਹਾਂ ਨੂੰ ਸਨਮਾਨਿਤ ਕੀਤਾ ਗਿਆ ਅਤੇ ਉਨ੍ਹਾਂ ਦੇ ਕੀਤੇ ਗਏ ਕੰਮ ਦੀ ਸ਼ਲਾਘਾ ਕੀਤੀ ਗਈ।

ਇਸ ਮੌਕੇ ਦਫ਼ਤਰ ਦੀ ਵੈਲਫੇਅਰ ਐਸੋਸੀਏਸ਼ਨ ਦੇ ਚੇਅਰਮੈਨ ਅਤੇ ਜ਼ਿਲ੍ਹਾ ਲੋਕ ਸੰਪਰਕ ਅਫ਼ਸਰ ਸ੍ਰੀ ਹਾਕਮ ਥਾਪਰ ਨੇ ਸ੍ਰੀ ਰਜਿੰਦਰ ਸਿੰਘ ਵਿਰਕ ਵੱਲੋਂ ਵਿਭਾਗ ਵਿਚ ਨਿਭਾਈ ਸ਼ਾਨਦਾਰ ਸੇਵਾ ਦੀ ਸਰਾਹਨਾ ਕੀਤੀ। ਉਨ੍ਹਾਂ ਕਿਹਾ ਕਿ ਕਰਮਚਾਰੀ ਨੇ ਆਪਣਾ ਕੰਮ ਹਮੇਸ਼ਾ ਮਿਹਨਤ, ਲਗਨ ਅਤੇ ਇਮਾਨਦਾਰੀ ਨਾਲ ਨੇਪਰੇ ਚਾੜ੍ਹਿਆ।

ਇਸ ਮੌਕੇ ਡੀ.ਪੀ.ਆਰ.ਓ. ਦਫ਼ਤਰ ਪਟਿਆ

ਕੰਮ ਦੀ ਘਾਟ ਕਾਰਨ ਨਸ਼ਾ ਤਸਕਰ ਬਣ ਗਿਆ ਮਜਦੂਰ, ਪੁਲਸ ਨੇ ਸਾਥੀ ਸਣੇ ਕੀਤਾ ਗ੍ਰਿਫਤਾਰ

ਏਜੰਸੀਆਂ

ਜਲੰਧਰ 3 ਜੁਲਾਈ। ਪੁਲਸ ਕਮਿਸਨਰ ਸਵਪਨ ਸਰਮਾ ਦੀ ਅਗਵਾਈ ਹੇਠ ਜਲੰਧਰ ਕਮਿਸਨਰੇਟ ਪੁਲਸ ਨੇ ਨਸ਼ਿਆਂ ਦੀ ਤਸਕਰੀ ਕਰਨ ਵਾਲੇ ਇਕ ਗਿਰੋਹ ਦਾ ਪਰਦਾਫਾਸ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪੁਲਸ ਕਮਿਸਨਰ ਨੇ ਦੱਸਿਆ ਕਿ ਪੁਲਿਸ

ਪਾਰਟੀ ਨੇ ਇਕ ਇਤਲਾਹ ਦੇ ਅਧਾਰ 'ਤੇ ਵਾਈ-ਪੁਆਇੰਟ ਮਿਸਨ ਕੰਪਾਊਂਡ ਨੇੜੇ ਚੈਕਿੰਗ ਕੀਤੀ ਸੀ। ਉਨ੍ਹਾਂ ਦੱਸਿਆ ਕਿ ਚੈਕਿੰਗ ਦੌਰਾਨ ਪੁਲੀਸ ਨੇ 2 ਨੌਜਵਾਨਾਂ ਨੂੰ ਆਪਣੇ ਵੱਲ ਆਉਂਦੇ ਦੇਖਿਆ ਅਤੇ ਉਨ੍ਹਾਂ ਦੀ ਹਰਕਤ 'ਤੇ ਸੱਕ ਪੈਣ 'ਤੇ ਪੁਲੀਸ ਪਾਰਟੀ ਨੇ ਉਨ੍ਹਾਂ ਨੂੰ ਚੈਕਿੰਗ ਲਈ ਰੋਕ ਲਿਆ। ਪੁਲਸ ਪਾਰਟੀ ਨੇ ਉਨ੍ਹਾਂ ਦੀ ਚੈਕਿੰਗ ਕਰਨ 'ਤੇ ਉਨ੍ਹਾਂ ਕੋਲੋਂ 100 ਗ੍ਰਾਮ ਹੈਰੋਇਨ ਬਰਾਮਦ ਕੀਤੀ। ਪੁਲਸ ਕਮਿਸਨਰ ਨੇ ਦੱਸਿਆ ਕਿ ਪੁਲਸ ਨੇ ਤੁਰੰਤ ਹੀ ਉਕਤ ਨੌਜਵਾਨਾਂ ਜਿਨ੍ਹਾਂ ਦੀ ਪਛਾਣ ਮੇਵਾ ਸਿੰਘ ਪੁੱਤਰ ਪੂਰਨ ਸਿੰਘ ਵਾਸੀ ਪਿੰਡ ਲਾਟੀਆਵਾਲ ਜਿ਼ਲ੍ਹਾ ਕਪੂਰਥਲਾ ਅਤੇ ਗੁਰਪ੍ਰੀਤ ਸਿੰਘ ਉਰਫ ਗੋਪੀ ਪੁੱਤਰ ਜਰਨੈਲ ਸਿੰਘ ਵਾਸੀ ਪਿੰਡ ਲਾਟੀਆਵਾਲ ਥਾਣਾ ਸੁਲਤਾਨਪੁਰ ਲੋਧੀ ਕਪੂਰਥਲਾ ਵਜੋਂ ਕੀਤੀ ਹੈ। ਉਨ੍ਹਾਂ ਦੱਸਿਆ ਕਿ ਦੋਵਾਂ ਮੁਲਜਮਾਂ ਖਿ਼ਲਾਫ ਥਾਣਾ ਡਿਵੀਜਨ 2 ਜਲੰਧਰ ਵਿਖੇ ਐੱਫ.ਆਈ.ਆਰ. ਨੰਬਰ 63 ਮਿਤੀ 28-06-2024 ਅਧੀਨ 21-61-85 ਐੱਨ.ਡੀ.ਪੀ.ਐੱਸ. ਐਕਟ ਤਹਿਤ ਦਰਜ ਕੀਤਾ ਗਿਆ ਹੈ। ਸਵਪਨ ਸਰਮਾ ਨੇ ਦੱਸਿਆ ਕਿ ਜਾਂਚ ਦੌਰਾਨ ਇਹ ਗੱਲ ਸਾਹਮਣੇ ਆਈ ਕਿ ਮੇਵਾ ਸਿੰਘ ਕੰਮ ਨਾ ਹੋਣ ਕਾਰਨ ਹੈਰੋਇਨ ਦੀ ਤਸਕਰੀ ਵਿਚ ਸਾਮਲ ਹੋ ਗਿਆ। ਪੁਲਸ ਕਮਿਸਨਰ ਨੇ ਅੱਗੇ ਦੱਸਿਆ ਕਿ ਤਫਤੀਸ ਦੌਰਾਨ ਗੁਰਪ੍ਰੀਤ ਨੇ ਇਹ ਵੀ ਮੰਨਿਆ ਕਿ ਉਹ ਇਸ ਸਮੇਂ ਮਜਦੂਰ ਵਜੋਂ ਕੰਮ ਕਰਦਾ ਸੀ ਅਤੇ ਉਸ ਕੋਲ ਬਹੁਤ ਘੱਟ ਕੰਮ ਸੀ, ਜਿਸ ਕਾਰਨ ਉਸ ਨੇ ਹੈਰੋਇਨ ਦੀ ਤਸਕਰੀ ਕਰਨੀ ਸੁਰੂ ਕਰ ਦਿੱਤੀ। ਉਨ੍ਹਾਂ ਕਿਹਾ ਕਿ ਮੇਵਾ ਸਿੰਘ ਖਿ਼ਲਾਫ ਇਕ ਐੱਫ.ਆਈ.ਆਰ. ਪਹਿਲਾਂ ਹੀ ਪੈਂਡਿੰਗ ਹੈ ਜਦਕਿ ਗੁਰਪ੍ਰੀਤ ਖਿ਼ਲਾਫ ਦੋ ਐੱਫ.ਆਈ.ਆਰ. ਪੈਂਡਿੰਗ ਹਨ। ਸਵਪਨ ਸਰਮਾ ਨੇ ਕਿਹਾ ਕਿ ਮਾਮਲੇ ਦੀ ਅਗਲੇਰੀ ਜਾਂਚ ਕੀਤੀ ਜਾ ਰਹੀ ਹੈ ਅਤੇ ਵੇਰਵੇ ਬਾਅਦ ਵਿਚ ਸਾਂਝੇ ਕੀਤੇ ਜਾਣਗੇ।

ਅਕਾਲੀ ਉਮੀਦਵਾਰ ਦੇ 'ਆਪ' 'ਚ ਸ਼ਾਮਲ ਹੋਣ ਮਗਰੋਂ ਸ਼੍ਰੋਮਣੀ ਅਕਾਲੀ ਦਲ ਦਾ ਪਹਿਲਾ ਬਿਆਨ

ਸਰਦੂਲ ਸਿੰਘ

ਜਲੰਧਰ 3 ਜੁਲਾਈ। ਜਲੰਧਰ ਵੈਸਟ ਵਿਧਾਨ ਸਭਾ ਹਲਕੇ 'ਚ ਹੋਣ ਵਾਲੀ ਜਿ਼ਮਨੀ ਚੋਣ ਤੋਂ ਪਹਿਲਾਂ ਅਕਾਲੀ ਦਲ ਦੀ ਉਮੀਦਵਾਰ ਸੁਰਜੀਤ ਕੌਰ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋ ਗਏ ਹਨ। ਮੁੱਖ ਮੰਤਰੀ ਭਗਵੰਤ ਮਾਨ ਨੇ ਸੁਰਜੀਤ ਕੌਰ ਨੂੰ ਆਮ ਆਦਮੀ ਪਾਰਟੀ ਵਿਚ ਸ਼ਾਮਲ ਕੀਤਾ ਹੈ। ਇਸ ਮਗਰੋਂ ਹੁਣ ਸ਼੍ਰੋਮਣੀ ਅਕਾਲੀ ਦਲ ਦਾ ਪਹਿਲਾ ਬਿਆਨ ਸਾਹਮਣੇ ਆਇਆ ਹੈ। ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਲੀਡਰ ਡਾ. ਦਲਜੀਤ ਸਿੰਘ ਚੀਮਾ ਨੇ ਪ੍ਰੈੱਸ ਕਾਨਫਰੰਸ ਕਰਦਿਆਂ ਕਿਹਾ ਕਿ ਬਾਗੀ ਧੜੇ ਦਾ ਮਤਲਬ ਹੀ ਜਲੰਧਰ ਦੀ ਜਿ਼ਮਨੀ ਚੋਣ ਵਿਚ ਅਜਿਹੀ ਸਥਿਤੀ ਪੈਦਾ ਕਰ ਕੇ ਸ਼੍ਰੋਮਣੀ ਅਕਾਲੀ ਦਲ ਦੀ ਹਾਸੋਹੀਣੀ ਸਥਿਤੀ ਬਣਾਉਣਾ ਸੀ। ਇਹ ਚੀਜ ਹੁਣ ਸਭ ਦੇ ਸਾਹਮਣੇ ਆ ਗਈ ਹੈ। ਉਨ੍ਹਾਂ ਬਾਗੀ ਧੜੇ ਨੂੰ ਕਿਹਾ ਕਿ ਤੁਹਾਡੀ ਤਾਂ ਮਨਸ਼ਾ ਠੀਕ ਨਹੀਂ ਸੀ, ਪਰ ਸਾਡੇ ਨਾਲ ਜੁੜੇ ਇਕ ਚੰਗੇ ਪਰਿਵਾਰ ਦੀ ਹਾਸੋਹੀਣੀ ਸਥਿਤੀ ਪੈਦਾ ਕਰ ਕੇ ਇਹ ਹਾਲਾਤ ਬਣਾ ਦਿੱਤੇ ਕਿ ਉਹ ਆਮ ਆਦਮੀ ਪਾਰਟੀ ਵਿਚ ਚਲੇ ਗਏ। ਉਨ੍ਹਾਂ ਕਿਹਾ ਕਿ ਬਾਗੀ ਧੜਾ ਹੁਣ ਵੀ ਉਨ੍ਹਾਂ ਦੇ ਨਾਲ ਖੜ੍ਹੇ। ਉਨ੍ਹਾਂ ਦਾ ਮਤਬਲ ਸਿਰਫ ਸੁਰਜੀਤ ਕੌਰ ਦਾ ਤਮਾਸ਼ਾ ਬਣਾਉਣਾ ਸੀ। ਡਾ. ਚੀਮਾ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਸਾਰੀ ਸਥਿਤੀ ਸਮਝ ਕੇ ਜਥੇਬੰਦੀ ਦੀ ਰਾਏ ਦੇ ਨਾਲ ਕੰਮ ਕਰ ਰਿਹਾ ਸੀ ਤੇ ਬੜਾ ਵਧੀਆ ਫੈਸਲਾ ਕੀਤਾ ਸੀ ਕਿ ਇਹ ਹਲਕਾ ਲਗਾਤਾਰ ਭਾਜਪਾ ਕੋਲ ਰਹਿਣ ਕਾਰਨ ਉੱਥੇ ਸਾਡੀ ਜਥੇਬੰਦੀ ਨਹੀਂ ਸੀ ਤੇ ਇਸ

ਲਈ ਇਸ ਇਸ ਚੋਣ ਵਿਚ ਬਹੁਜਨ ਸਮਾਜ ਪਾਰਟੀ ਦੀ ਹਮਾਇਤ ਕਰਨਾ ਚਾਹੁੰਦੇ ਸੀ। ਅਸੀਂ ਆਉਣ ਵਾਲੇ 2 ਸਾਲ ਡਟ ਕੇ ਕੰਮ ਕਰ ਕੇ ਤਕੜੇ ਹੋ ਕੇ ਇੱਥੇ ਚੋਣਾਂ ਲੜਣੀਆਂ ਚਾਹੁੰਦੇ ਸੀ। ਪਰ ਇਨ੍ਹਾਂ ਲੋਕਾਂ ਨੇ ਪਾਰਟੀ ਦਾ ਜਲੂਸ ਕੱਢਣ ਲਈ ਇਹ ਸਭ ਕੀਤਾ। ਪਾਰਟੀ ਨਾਲ ਜੁੜੇ ਇਕ ਪੁਰਾਣੇ ਪਰਿਵਾਰ ਨਾਲ ਇਸ ਤਰ੍ਹਾਂ ਦਾ ਕੋਝਾ ਮਜਾਕ ਕਰਨਾ ਬਹੁਤ ਮਾੜੀ ਗੱਲ ਸੀ, ਜਿਹੜੀ ਸਾਡੇ ਸਾਥੀਆਂ ਨੇ ਕੀਤੀ ਹੈ। ਇਸ ਦਾ ਨਤੀਜਾ ਅੱਜ ਸਾਰਿਆਂ ਦੇ ਸਾਹਮਣੇ ਹੈ। ਜਿ਼ਕਰਯੋਗ ਹੈ ਕਿ ਅਕਾਲੀ ਦਲ ਵੱਲੋਂ ਪਹਿਲਾਂ ਜਲੰਧਰ ਵੈਸਟ ਜਿ਼ਮਨੀ ਚੋਣ ਨਾ ਲੜਣ ਦੀਆਂ ਚਰਚਾਵਾਂ ਸਨ। ਫਿ਼ਰ ਪਾਰਟੀ ਵੱਲੋਂ ਚਾਰ ਮੈਂਬਰੀ ਕਮੇਟੀ ਦਾ ਗਠਨ ਕਰ ਕੇ ਉੱਥੋਂ ਉਮੀਦਵਾਰ ਲੱਭਣ ਦੀ ਜਿ਼ਮੇਵਾਰੀ ਸੌਂਪੀ ਗਈ। ਇਸ ਮਗਰੋਂ ਪਾਰਟੀ ਨੇ ਸੁਰਜੀਤ ਕੌਰ ਨੂੰ ਆਪਣਾ ਉਮੀਦਵਾਰ ਐਲਾਨਿਆ ਸੀ। ਪਰ ਇਸ ਤੋਂ ਕੁਝ ਦਿਨ ਬਾਅਦ ਬੀਬੀ ਜਗੀਰ ਕੌਰ (ਜੋ ਇਸ ਚਾਰ ਮੈਂਬਰੀ ਕਮੇਟੀ ਦਾ ਵੀ ਹਿੱਸਾ ਸਨ) ਸਮੇਤ ਕਈ ਲੀਡਰਾਂ ਵੱਲੋਂ ਪਾਰਟੀ ਖਿ਼ਲਾਫ ਬਗਾਵਤ ਕਰ ਦਿੱਤੀ ਗਈ ਤੇ ਸੁਖਬੀਰ ਬਾਦਲ ਨੂੰ ਪਾਰਟੀ ਪ੍ਰਧਾਨ ਦਾ ਅਹੁਦਾ ਛੱਡਣ ਦੀ ਮੰਗ ਰੱਖੀ ਗਈ। ਇਸ ਵਿਚਾਲੇ ਅਕਾਲੀ ਦਲ ਨੇ ਸੁਰਜੀਤ ਕੌਰ ਤੋਂ ਪਾਸਾ ਵੱਟ ਲਿਆ ਤੇ ਬਸਪਾ ਉਮੀਦਵਾਰ ਨੂੰ ਸਮਰਥਨ ਦੇਣ ਦਾ ਐਲਾਨ ਕਰ ਦਿੱਤਾ ਗਿਆ ਸੀ, ਪਰ ਉਦੋਂ ਤਕ ਚੋਣ ਕਮਿਸ਼ਨ ਵੱਲੋਂ ਸੁਰਜੀਤ ਕੌਰ ਨੂੰ ਚੋਣ ਨਿਸ਼ਾਨ ਤੱਕੜੀ ਅਲਾਟ ਕਰ ਦਿੱਤਾ ਗਿਆ ਸੀ। ਫਿ਼ਰ ਵੀ ਅਕਾਲੀ ਦਲ ਵੱਲੋਂ ਬਸਪਾ ਦੀ ਹਮਾਇਤ ਕਰਨ ਦਾ ਐਲਾਨ ਕੀਤਾ ਗਿਆ ਸੀ। ਇਸ ਸਭ ਮਗਰੋਂ ਹੁਣ ਚੋਣਾਂ ਤੋਂ ਕੁਝ ਦਿਨ ਪਹਿਲਾਂ ਸੁਰਜੀਤ ਕੌਰ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋ ਗਏ ਹਨ।

ਪੰਜਾਬ ਦੀ ਸਿਆਸਤ 'ਚ ਵੱਡਾ ਧਮਾਕਾ, ਅਕਾਲੀ ਦਲ ਦੀ ਉਮੀਦਵਾਰ ਸੁਰਜੀਤ ਕੌਰ 'ਆਪ' 'ਚ ਸ਼ਾਮਲ

ਜਲੰਧਰ 3 ਜੁਲਾਈ। ਜਲੰਧਰ ਵੈਸਟ ਵਿਧਾਨ ਸਭਾ ਹਲਕੇ 'ਚ ਹੋਣ ਵਾਲੀ ਜਿ਼ਮਨੀ ਚੋਣ ਤੋਂ ਪਹਿਲਾਂ ਪੰਜਾਬ ਦੀ ਸਿਆਸਤ ਵਿਚ ਵੱਡਾ ਧਮਾਕਾ ਹੋਇਆ ਹੈ। ਅਕਾਲੀ ਦਲ ਦੀ ਉਮੀਦਵਾਰ ਸੁਰਜੀਤ ਕੌਰ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋ ਗਏ ਹਨ। ਮੁੱਖ ਮੰਤਰੀ ਭਗਵੰਤ ਮਾਨ ਨੇ ਸੁਰਜੀਤ ਕੌਰ ਨੂੰ ਆਮ ਆਦਮੀ ਪਾਰਟੀ ਵਿਚ ਸ਼ਾਮਲ ਕੀਤਾ ਹੈ। ਉਨ੍ਹਾਂ ਇਹ ਫੈਸਲਾ ਮੁੱਖ ਮੰਤਰੀ ਭਗਵੰਤ ਮਾਨ ਨਾਲ ਮੁਲਾਕਾਤ ਕਰਨ ਤੋਂ ਬਾਅਦ ਲਿਆ। ਮੁੱਖ ਮੰਤਰੀ ਨੇ ਉਨ੍ਹਾਂ ਦਾ ਪਾਰਟੀ ਵਿਚ ਨਿੱਘਾ ਸਵਾਗਤ ਕੀਤਾ। ਦੱਸਣਯੋਗ ਹੈ ਕਿ ਜਲੰਧਰ ਜ਼ਿਮਨੀ ਚੋਣ ਲਈ ਵੋਟਾਂ 10 ਜੁਲਾਈ ਨੂੰ ਪੈਣਗੀਆਂ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਉਹ ਸੁਰਜੀਤ ਕੌਰ ਨੂੰ ਸਰਕਾਰ ਵਿੱਚ ਚੰਗੀ ਜਿ਼ਮੇਵਾਰੀ ਦੇਣਗੇ। ਆਮ ਆਦਮੀ ਪਾਰਟੀ ਨੇ ਭਾਜਪਾ ਦੇ ਸਾਬਕਾ ਮੰਤਰੀ ਚੁੰਨੀ ਲਾਲ ਭਗਤ ਦੇ ਪੁੱਤਰ ਮਹਿੰਦਰ ਭਗਤ ਨੂੰ ਉਮੀਦਵਾਰ ਬਣਾਇਆ ਹੈ ਜਦਕਿ ਅਕਾਲੀ ਦਲ ਪਹਿਲਾਂ ਹੀ ਆਪਣੇ ਉਮੀਦਵਾਰ ਤੋਂ ਪੈਰ ਪਛਾਂਹ ਖਿੱਚ ਚੁੱਕਾ ਹੈ।

ਫੇਸਬੁੱਕ 'ਤੇ ਲਿੰਕ ਲੈ ਕੇ ਖੋਲ੍ਹਿਆ ਡੀਮੈਂਟ ਅਕਾਊਂਟ ਦਾ ਖਾਤਾ, ਹੋਈ ਵੱਡੀ ਠੱਗੀ

ਬਰਨਾਲਾ 3 ਜੁਲਾਈ। ਠੱਗਾਂ ਵਲੋਂ ਆਏ ਦਿਨ ਨਵੇਂ-ਨਵੇਂ ਢੰਗ ਕੱਢ ਕੇ ਆਨਲਾਈਨ ਠੱਗੀ ਦੀਆਂ ਵਾਰਦਾਤਾਂ ਨੂੰ ਅੰਜਾਮ ਦਿੱਤਾ ਜਾ ਰਿਹਾ ਹੈ। ਹੁਣ ਸ਼ਹਿਰ ਮਾਰਕੀਟ ਦਾ ਧੰਦਾ ਕਰਨ ਦੇ ਨਾਂ 'ਤੇ ਅਕਾਊਂਟ ਖੋਲ੍ਹਣ ਦਾ ਝਾਂਸਾ ਦੇ ਕੇ ਠੱਗਾਂ ਨੇ 5 ਲੱਖ ਰੁਪਏ ਤੋਂ ਵੀ ਵੱਧ ਦੀ ਠੱਗੀ ਮਾਰ ਲਈ। ਪੁਲਸ ਨੇ ਇਸ ਮਾਮਲੇ ਵਿਚ ਅਣਪਛਾਤੇ ਠੱਗਾਂ ਖਿਲਾਫ਼ ਕੇਸ ਦਰਜ ਕਰਕੇ ਮਾਮਲੇ ਦੀ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਥਾਣੇ ਵਿਚ ਦਰਜ ਐੱਫ.ਆਈ.ਆਰ ਮੁਤਾਬਕ ਮਹਿੰਦਰਪਾਲ ਵਾਸੀ ਬਰਨਾਲਾ ਨੇ ਪੁਲਸ ਕੋਲ ਸ਼ਿਕਾਇਤ ਦਰਜ ਕਰਵਾਈ ਕਿ ਮਈ ਮਹੀਨੇ ਵਿਚ ਉਸ ਨੇ ਫੇਸਬੁੱਕ 'ਤੇ ਸਟਾਕ ਮਾਰਕੀਟ ਸਬੰਧੀ ਐਂਡ ਦੇਖੀ, ਜਿਸ ਦੇ ਲਿੰਕ ਰਾਹੀਂ ਮਹਿੰਦਰਪਾਲ ਨੇ ਵਟਸਐੱਪ ਗਰੁੱਪ ਵਿਚ ਜੁਆਇੰਨ ਹੋ

ਗਿਆ ਅਤੇ ਦੋਸ਼ੀਆਂ ਨਾਲ ਗੱਲਬਾਤ ਸ਼ੁਰੂ ਹੋ ਗਈ। ਉਨ੍ਹਾਂ ਨੇ ਉਸ ਨੂੰ ਡੀਮੈਟ ਅਕਾਊਂਟ ਖੋਲ੍ਹਣ ਲਈ ਵੈੱਬਸਾਈਟ ਦਾ ਲਿੰਕ ਦਿੱਤਾ ਅਤੇ ਉਸ ਨੇ ਖਾਤਾ ਖੋਲ੍ਹ ਲਿਆ ਅਤੇ 27 ਮਈ ਨੂੰ ਉਸ ਨੇ 5,25,000 ਹਜਾਰ ਦੇ ਸ਼ੇਅਰ ਖਰੀਦ ਲਏ। ਸ਼ੇਅਰ ਖਰੀਦਣ ਤੋਂ ਮੁਨਾਫ਼ਾ ਵੱਧ ਕੇ 8,41,500 ਰੁਪਏ ਦਿਖਾਈ ਦੇਣ ਲੱਗਿਆ। ਜਦੋਂ ਉਸ ਨੇ ਪੈਸੇ ਕਢਵਾਉਣ ਲਈ ਉਕਤ ਵਿਅਕਤੀਆਂ ਨਾਲ ਸੰਪਰਕ ਕੀਤਾ ਤਾਂ ਉਨ੍ਹਾਂ ਨੇ ਫੋਨ ਬੰਦ ਕਰ ਲਏ ਅਤੇ ਅਣਪਛਾਤੇ ਵਿਅਕਤੀਆਂ ਨੇ ਠੱਗੀ ਮਾਰ ਲਈ। ਪੁਲਸ ਨੇ ਇਹ ਮਾਮਲਾ ਸਾਈਬਰ ਕ੍ਰਾਈਮ ਨੂੰ ਸੌਂਪ ਦਿੱਤਾ। ਸਾਈਬਰ ਕ੍ਰਾਈਮ ਵਲੋਂ ਧੋਖਾਧੜੀ ਦਾ ਕੇਸ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ।

ਇਸ ਸਾਲ ਵਿਦੇਸਾਂ ਤੋਂ 6700 ਕਰੋੜਪਤੀਆਂ ਦੇ ਦੁਬਈ ਪਹੁੰਚਣ ਦੀ ਉਮੀਦ

ਜਲੰਧਰ 3 ਜੁਲਾਈ। ਸੰਯੁਕਤ ਅਰਬ ਅਮੀਰਾਤ (ਯੂ. ਏ. ਈ.) ਦਾ ਵਪਾਰਕ ਕੇਂਦਰ ਦੁਬਈ ਦੁਨੀਆ ਭਰ ਦੇ ਅਮੀਰਾਂ ਲਈ ਖਿੱਚ ਦਾ ਕੇਂਦਰ ਬਣਿਆ ਹੋਇਆ ਹੈ। ਇਸ ਨੇ ਖੁਦ ਨੂੰ ਅਮੀਰ ਲੋਕਾਂ ਲਈ ਪਨਾਹਗਾਹ ਵਜੋਂ ਸਥਾਪਿਤ ਕੀਤਾ ਹੈ। ਵੈਲਥ ਕੰਸਲਟੈਂਸੀ ਹੈਨਲੇ ਐਂਡ ਪਾਰਟਨਰਜ ਮੁਤਾਬਕ ਇਸ ਸਾਲ ਇਥੇ 6700 ਕਰੋੜਪਤੀਆਂ ਦੇ ਆਉਣ ਦੀ ਉਮੀਦ ਹੈ। ਇਕ ਰਿਪੋਰਟ ਮੁਤਾਬਕ ਹੁਣ ਦੁਬਈ ਆਉਣ ਵਾਲੇ ਅਮੀਰਾਂ ਦੀ ਗਿਣਤੀ ਅਮਰੀਕਾ ਨਾਲੋਂ ਲਗਭਗ ਦੁੱਗਣੀ ਹੋ ਗਈ ਹੈ। ਅਮਰੀਕਾ ਵਿਚ ਅਜਿਹੇ 55 ਲੱਖ ਲੋਕ 1 ਮਿਲੀਅਨ ਡਾਲਰ ਜਾਂ ਇਸ ਤੋਂ ਵੱਧ ਦੀ ਜਾਇਦਾਦ ਰੱਖਦੇ ਹਨ।

ਵੀਜਾ ਲਵਾਉਣ ਤੇ ਸ਼ੇਅਰ ਬਾਜਾਰ 'ਚ ਨਿਵੇਸ਼ ਕਰਨ ਦੇ ਨਾਂ 'ਤੇ ਲੱਖਾਂ ਦੀ ਠੱਗੀ

ਕਿਸ਼ਨ ਪਾਲ

ਚੰਡੀਗੜ੍ਹ 3 ਜੁਲਾਈ। ਵੀਜਾ ਲਗਵਾਉਣ ਦੇ ਨਾਂ 'ਤੇ ਤੇ ਸਟਾਕ ਮਾਰਕੀਟ 'ਚ ਪੈਸੇ ਲਗਾਉਣ ਦੇ ਨਾਂ 'ਤੇ ਔਰਤ ਸਮੇਤ ਚਾਰ ਲੋਕਾਂ ਅੰਬਾਲਾ ਨਿਵਾਸੀ ਦੀਪਕ ਭੱਲਾ ਤੋਂ 18 ਲੱਖ ਰੁਪਏ, ਹਿਸਾਰ ਦੇ ਕੁਲਦੀਪ ਤੋਂ 8 ਲੱਖ 76 ਹਜਾਰ 740 ਰੁਪਏ, ਬਠਿੰਡਾ ਨਿਵਾਸੀ ਲਵਪ੍ਰੀਤ ਕੌਰ ਤੋਂ 14 ਲੱਖ 58 ਹਜਾਰ 111 ਰੁਪਏ ਤੇ ਸੈਕਟਰ 47 ਨਿਵਾਸੀ ਕ੍ਰਿਤੀ ਆਨੰਦ ਤੋਂ 4 ਲੱਖ ਦੀ ਠੱਗੀ ਮਾਰੀ ਹੈ। ਸੈਕਟਰ 17 ਤੇ 31 ਥਾਣਾ ਪੁਲਸ ਨੇ ਠੱਗਾਂ ਖਿ਼ਲਾਫ ਮਾਮਲਾ ਦਰਜ ਕੀਤਾ ਹੈ। ਅੰਬਾਲਾ ਵਾਸੀ ਦੀਪਕ ਭੱਲਾ ਨੇ ਪੁਲਸ ਨੂੰ ਦਿੱਤੀ ਆਪਣੀ ਸਿ਼ਕਾਇਤ 'ਚ ਦੱਸਿਆ ਕਿ ਉਸ ਨੇ ਵਿਦੇਸ ਜਾਣ ਲਈ ਵਰਕ ਵੀਜਾ ਲਗਵਾਉਣਾ ਸੀ। ਵੀਜਾ ਲਗਵਾਉਣ ਲਈ ਉਹ ਸੈਕਟਰ-17 ਸਥਿਤ ਪੀ.ਬੀ ਕੰਸਲਟੈਂਟ ਕੰਪਨੀ 'ਚ ਗਿਆ। ਉਥੇ ਉਸ ਨੂੰ ਮਾਲਕ ਮਨਪ੍ਰੀਤ ਸਿੰਘ ਬਰਾੜ, ਰਵਿੰਦਰ ਸਿੰਘ ਤੇ ਹੋਰ ਲੋਕ ਵੀ ਮਿਲੇ। ਉਨ੍ਹਾਂ ਨੇ ਵੀਜਾ ਲਗਵਾਉਣ ਲਈ 18 ਲੱਖ ਰੁਪਏ ਮੰਗੇ ਤਾਂ ਸਿ਼ਕਾਇਤਕਰਤਾ ਨੇ ਪੈਸੇ ਦੇ ਦਿੱਤੇ। ਪੈਸੇ ਲੈਣ ਤੋਂ ਬਾਅਦ ਨਾ ਤਾਂ ਵੀਜਾ ਲਗਵਾਇਆ ਅਤੇ ਨਾ ਹੀ ਪੈਸੇ ਵਾਪਸ ਕੀਤੇ ਗਏ। ਭੱਲਾ ਦੀ ਸਿ਼ਕਾਇਤ 'ਤੇ ਸੈਕਟਰ-17 ਥਾਣਾ ਪੁਲਸ ਨੇ ਪੀ.ਬੀ ਕੰਸਲਟੈਂਟ ਕੰਪਨੀ ਦੇ

ਮਾਲਕ ਮਨਪ੍ਰੀਤ ਸਿੰਘ ਬਰਾੜ ਤੇ ਰਵਿੰਦਰ ਸਿੰਘ ਖਿ਼ਲਾਫ ਧੋਖਾਧੜੀ ਦਾ ਕੇਸ ਦਰਜ ਕਰ ਲਿਆ ਹੈ। ਹਿਸਾਰ ਵਾਸੀ ਕੁਲਦੀਪ ਨੇ ਪੁਲਸ ਨੂੰ ਦਿੱਤੀ ਸਿ਼ਕਾਇਤ 'ਚ ਦੱਸਿਆ ਕਿ ਉਸ ਨੇ ਸਟੱਡੀ ਵੀਜਾ ਲਗਵਾਉਣ ਲਈ ਸੈਕਟਰ-17 ਸਥਿਤ ਮਾਈ ਇਮੀਗ੍ਰੇਸਨ ਸਲਿਊਸਨ ਕੰਪਨੀ ਨਾਲ ਸੰਪਰਕ ਕੀਤਾ ਸੀ। ਕੰਪਨੀ ਦੇ ਮਾਲਕ ਵਿਕਾਸ ਸਰਮਾ ਤੇ ਅਮਿਤ ਅਰੋੜਾ ਨੇ ਵੀਜਾ ਲਗਵਾਉਣ ਲਈ 9 ਲੱਖ ਰੁਪਏ ਮੰਗੇ। ਸਿ਼ਕਾਇਤਕਰਤਾ ਨੇ ਉਨ੍ਹਾਂ ਨੂੰ 8 ਲੱਖ 76 ਹਜਾਰ 740 ਰੁਪਏ ਦੇ ਦਿੱਤੇ। ਪੈਸੇ ਲੈ ਕੇ ਤਿੰਨ ਮਹੀਨੇ ਤੱਕ ਵੀਜਾ ਨਹੀਂ ਲਗਵਾਇਆ। ਬਾਅਦ 'ਚ ਪਤਾ ਲੱਗਾ ਕਿ ਉਕਤ ਕੰਪਨੀ ਦੇ ਮਾਲਕਾਂ ਨੇ ਵੀਜਾ ਲਗਵਾਉਣ ਦੇ ਨਾਂ 'ਤੇ ਬਠਿੰਡਾ ਨਿਵਾਸੀ ਲਵਪ੍ਰੀਤ ਕੌਰ ਨਾਲ 14 ਲੱਖ 58 ਹਜਾਰ 111 ਰੁਪਏ ਦੀ ਠੱਗੀ ਮਾਰ ਚੁੱਕੇ ਹਨ। ਸੈਕਟਰ-17 ਦੀ ਪੁਲਸ ਨੇ ਉਕਤ ਕੰਪਨੀ ਦੇ ਮਾਲਕਾਂ ਖਿ਼ਲਾਫ ਮਾਮਲਾ ਦਰਜ ਕੀਤਾ ਹੈ। ਇਸ ਤੋਂ ਇਲਾਵਾ ਸੈਕਟਰ-47 ਨਿਵਾਸੀ ਕ੍ਰਿਤੀ ਆਨੰਦ ਨੇ ਪੁਲਸ ਨੂੰ ਦਿੱਤੀ ਸਿ਼ਕਾਇਤ 'ਚ ਦੱਸਿਆ ਕਿ ਸਟਾਕ ਮਾਰਕੀਟ 'ਚ ਪੈਸੇ ਨਿਵੇਸ਼ ਕਰਨ ਦੇ ਨਾਮ 'ਤੇ ਧਵਲ ਤੇ ਹੋਰਾਂ ਨੇ 4 ਲੱਖ ਰੁਪਏ ਦੀ ਠੱਗੀ ਮਾਰੀ ਹੈ। ਸੈਕਟਰ-31 ਥਾਣਾ ਪੁਲਸ ਨੇ ਧਵਲ ਤੇ ਹੋਰਨਾਂ ਖਿ਼ਲਾਫ ਮਾਮਲਾ ਦਰਜ ਕੀਤਾ ਹੈ।

ਦਾਤਰ ਦੀ ਨੋਕ 'ਤੇ ਵਿਅਕਤੀ ਤੋਂ ਮੋਟਰਸਾਈਕਲ, ਮੋਬਾਈਲ ਅਤੇ ਨਕਦੀ ਖੋਹਣ ਵਾਲਿਆਂ ਖਿਲਾਫ ਮਾਮਲਾ ਦਰਜ

ਬਟਾਲਾ/ਸ੍ਰੀ ਹਰਗੋਬਿੰਦਪੁਰ ਸਾਹਿਬ/ਘੁਮਾਣ 3 ਜੁਲਾਈ। ਥਾਣਾ ਘੁਮਾਣ ਦੀ ਪੁਲਸ ਨੇ ਦਾਤਰ ਦੀ ਨੋਕ 'ਤੇ ਇਕ ਵਿਅਕਤੀ ਤੋਂ ਮੋਟਰਸਾਈਕਲ, ਮੋਬਾਈਲ ਅਤੇ 4970 ਰੁਪਏ ਨਕਦੀ ਖੋਹਣ ਵਾਲੇ